ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ ॥


ਗੁਰਮਤਿ ਪ੍ਰਚਾਰਕ **ਸੂਰਾ** ਅੱਧ-ਮਾਸਕ ਪੱਤਰ (3)

5 JUNE 1970 } ☬ { ੫ ਜੂਨ ੧੯੭੦


# ਗੁਰ ਅਰਜਨ ਵਿਟਹੁ ਕੁਰਬਾਣੀ

ਰਹਿੰਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।
ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।
ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ।
ਚਰਨ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ।
ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।
ਗੁਰਮੁਖਿ ਸੁਖੁ ਫਲੁ ਪਿਰਮ ਰਸ ਸਹਜ ਸਮਾਧਿ ਸਾਧ ਸੰਗਿ ਜਾਣੀ।
ਗੁਰ ਅਰਜਨ ਵਿਟਹੁ ਕੁਰਬਾਣੀ।

## ਸੇਵਾ ਸਫਲ ਕਰਨ !

ਭਾਈ ਜੀਵਨ ਸਿੰਘ ਜੀ ਰਾਗੀ ਨਿਊ ਮਾਡਲ ਟਾਊਨ ਲੁਧਿਆਣਾ, ਗੁਰਮਤਿ ਪ੍ਰਚਾਰ ਨੂੰ ਮੁਖ ਰਖਦੇ ਹੋਏ 'ਸੂਰਾ' ਲਈ ਹੇਠ ਲਿਖੇ ਸਜਣਾਂ ਦੇ ਲਾਈਫ ਮੈਂਬਰਾਂ ਵਜੋਂ ਚੰਦੇ ਭੇਜਦੇ ਹਨ ਤੇ ਨਾਲ **ਹੀ ਇਹਨਾਂ** ਸਜਨਾਂ ਨੂੰ ਬੇਨਤੀ ਕਰਦੇ ਹਨ ਕਿ ਸੂਰਾ ਆਪ ਪੜ੍ਹਨ ਅਤੇ ਹੋਰਨਾਂ ਨੂੰ ਪੜ੍ਹਾ ਕੇ ਦਾਸ ਦੀ ਸੇਵਾ ਸਫਲ **ਕਰਨ**।

ਮੈਂਬਰਾਂ ਦੇ ਨਾਮ–

1. ਪੰਜਾਬ ਬਾਲ ਬਰੰਗ, ਜੀ. ਟੀ. ਰੋਡ, ਲੁਧਿਆਣਾ।
2. ਸ: ਕਰਮ ਸਿੰਘ ਚੱਢਾ ਦਿਲਖਸ਼ ਬੰਗਲਾ–42 ਸੈਂਟ ਪਾਲ ਰੋਡ ਬਾਂਦਰਾ, ਬੰਬਈ–50
3. ਸ: ਗੁਰਬਚਨ ਸਿੰਘ ਨਿਧੜਕ 7 ਰੋਤਾਨੀ ਚੈਂਬਰਜ਼ 11 ਕਰਾਸ ਰੋਡ ਖਾਰ ਬੰਬਈ–52
4. ਬੀਬੀ ਕਿਰਨਜੀਤ ਕੌਰ, ਸੁਰਜੀਤ ਸਿੰਘ, ਰਣਜੀਤ ਸਿੰਘ 89 ਹਾਈ ਸਟਰੀਟ, ਸਿੰਘਾਪੁਰ।
5. Dr. M. S. Malho 1, Providence Force Harlington Middlesex England. U. K.
6. Giani Joginder Singh SARL 56 Start Ford Road SOUTHALL, Middx G . LONDON (U. K.)


ਸਾਲਾਨਾ ਚੰਦਾ– ਦੇਸ 12 ਰੁਪਏ ਪ੍ਰਦੇਸ ਸਮੁੰਦਰੀ ਡਾਕ 20 ਰੁਪਏ ਤੇ ਹਵਾਈ ਡਾਕ 60 ਰੁਪਏ
ਲਾਈਫ਼ ਮੈਂਬਰ–250 ਰੁਪਏ ਪ੍ਰਤੀ ਕਾਪੀ 70 ਪੈਸੇ



www.AKJ.Org

# * ਲੇਖ-ਸੂਚੀ *


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਸਿਖੀ ਕੇਸਾਂ ਸਵਾਸਾਂ ਸੰਗ | ੪ | ਭਾਈ ਅਮਰਜੀਤ ਸਿੰਘ ਜੀ ਦਾਰਜੀਲਿੰਗ, ਬੰਗਾਲ |
| ੨ | ਨਾਂਗੇ ਰਹਿਣ ਤੇ ਮੁੰਡਨ ਆਦਿ ਸੰਸਕਾਰਾਂ ਦਾ ਖੰਡਨ | ੭ | ਸਚਖੰਡਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ੩ | ਇਕ ਪ੍ਰੇਮੀ ਦੀ ਚਿੱਠੀ ਦਾ ਉਤਰ | ੧੨ | ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ |
| ੪ | ਆਨੰਦ ਸਾਹਿਬ ਦੀ ਮਹਾਨਤਾ | ੧੬ | ਪ੍ਰੋ: ਮੇਵਾ ਸਿੰਘ ਜੀ 'ਤੁੰਗ' ਪਟਿਆਲਾ |
| ੫ | ਬੰਦੀ ਅੰਦਰ ਬੰਦਾ | ੨੦ | ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ |
| ੬ | ਸਤਿਗੁਰ ਨਾਨਕ ਪ੍ਰਗਟਿਆ | ੨੨ | ਸ੍ਰੀ ਰਾਜਿੰਦਰਪਾਲ ਜੀ 'ਜਿੰਦਲ' ਚੰਡੀਗੜ੍ਹ |
| ੭ | ਦੀਵਾ ਬਲੈ ਅੰਧੇਰਾ ਜਾਇ | ੨੫ | ਗਿ: ਜਸਮੇਰ ਸਿੰਘ ਜੀ 'ਪਾਲ' |
| ੮ | ਗੁਰੂ ਮਾਨਿਓ ਗ੍ਰੰਥ | ੨੯ | ਪ੍ਰਿੰਸੀਪਲ ਸਤਬੀਰ ਸਿੰਘ ਜੀ ਜਮਨਾ ਨਗਰ |
| ੯ | ਨਿਰੋਲ ਗੁਰਬਾਣੀ | ੩੪ | ਭਾ: ਜਗਤ ਸਿੰਘ ਜੀ 'ਜਗਤ' ਫਤੇਵਾਲ |
| ੧੦ | ਬਾਬਾ ਰਾਮ ਸਿੰਘ ਤੇ ਮਾਈ ਪ੍ਰੇਮ ਕੌਰ ਜੀ ਫਲੇਵਾਲ | ੩੭ | ਸਚਖੰਡਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |


(ਸਫਾ 5 ਦੀ ਬਾਕੀ)

ਤੇ ਅਕਾਲ ਪੁਰਖ ਨਾਲ ਅਭੇਦ ਹੋ ਗਏ । ਸੋ ਸਵਾਲ ਇਹ ਉਠਦਾ ਹੈ ਕਿ ਐਸਾ ਗੁਰੂ ਜਿਸਨੂੰ ਅਕਾਲਪੁਰਖ ਵਲੋਂ ਸਭ ਕੁਛ ਪ੍ਰਾਪਤ ਹੋ ਚੁਕਾ ਸੀ ਤੇ ਜੋ ਅਕਾਲ ਪੁਰਖ ਨਾਲ ਸਦਾ ਅਭੇਦ ਸੀ, ਜਦੋਂ ਉਹ ਪੰਜਾਂ ਪਿਆਰਿਆਂ ਨੂੰ ਆਪਣੇ ਹੱਥੀਂ ਤਿਆਰ ਕੀਤੇ ਅੰਮ੍ਰਿਤ ਦੀ ਦਾਤ ਦਿੰਦਾ ਹੈ ਤੇ ਫੇਰ ਮੁੜ ਉਹਨਾਂ ਹੀ ਪੰਜਾਂ ਅਗੇ ਹੱਥ ਜੋੜ ਕੇ ਖੰਡੇ ਦੇ ਅੰਮ੍ਰਿਤ ਦੀ ਦਾਤ ਦੀ ਜਾਚਨਾਂ ਕਿਉਂ ਕਰਦਾ ਹੈ ? ਇਸਦਾ ਉਤਰ ਇਹੀ ਹੈ ਕਿ ਗੁਰੂ ਨਾਨਕ ਦੀ ਜੋਤਿ ਵਿਚ ਹੋਰਨਾਂ ਪੀਰਾਂ ਪੈਗੰਬਰਾਂ, ਅਵਤਾਰਾਂ ਨਾਲੋਂ ਵਡੀਆਂ ਵਡਿਆਈਆਂ ਵਿਚੋਂ ਇਕ ਵਡਿਆਈ ਇਹ ਵੀ ਹੈ ਕਿ ਆਪ ਜੀ ਨੇ ਜੋ ਉਪਦੇਸ਼ ਆਪਣੇ ਸਿਖਾਂ ਨੂੰ ਦਿਤਾ, ਸੰਸਾਰ ਵਿਖੇ ਰਹਿ ਕੇ ਉਸ ਉਤੇ ਖੁਦ ਵੀ ਅਮਲ ਕੀਤਾ। ਦਸਵੇਂ ਜਾਮੇਂ ਵਿਚ ਇਹੀ ਗੁਰੂ ਨਾਨਕ ਦੀ ਜੋਤਿ ਆਪਣੇ ਸਿਖਾਂ ਨੂੰ ਅਗੇ ਵਾਸਤੇ ਸਦਾ ਲਈ ਚਰਣ ਪਾਹੁਲ (ਚਰਣਾਂਮ੍ਰਿਤ) ਦੀ ਜਗ੍ਹਾ ਪੰਜਾਂ ਪਿਆਰਿਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਖੰਡੇ ਦੇ ਅੰਮ੍ਰਿਤ ਦੇ ਪਾਨ ਕਰ ਕੇ ਸਿਖੀ ਪ੍ਰਾਪਤ ਕਰਨਾ ਦ੍ਰਿੜਾਉਂਦੀ ਹੈ, ਤੇ ਖ਼ੁਦ ਵੀ ਉਸ ਤੇ ਅਮਲ ਕਰਦੀ ਹੈ। ਸ੍ਰੀ ਦਸਮੇਸ਼ ਜੀ ਦੁਆਰਾ ਖੁਦ ਖੰਡੇ ਦੇ ਅੰਮ੍ਰਿਤ ਪਾਨ ਕਰਨ ਦਾ ਵਡਾ ਮਕਸਦ ਇਹੀ ਸਿਧ ਹੁੰਦਾ ਹੈ ਕਿ ਆਪ ਜੀ ਨੇ ਸੰਸਾਰ ਨੂੰ ਦ੍ਰਿੜਾ ਦਿਤਾ ਕਿ ਐ ਸੰਸਾਰੀਓ ! ਜੇ ਆਪਨਾ ਆਪ ਲੁਟਾਕੇ, ਸਰਬੰਸ ਵਾਰਕੇ, ਸੀਸ ਭੇਟ ਦੇ ਕੇ ਵੀ ਇਹ ਖੰਡੇ ਦੇ ਅੰਮ੍ਰਿਤ ਦੀ ਪਵਿਤਰ ਅਮੋਲ ਦਾਤ ਪ੍ਰਾਪਤ ਹੋ ਜਾਏ ਤਾਂ ਆਪਣੇ ਬੜੇ ਵਡੇ ਭਾਗ ਸਮਝੋ ।

ਸਾਰ ਇਹ ਕਿ ਗੁਰੂ ਦਾ ਸਿਖ ਕੇਵਲ ਖੰਡੇ ਦਾ ਅੰਮ੍ਰਿਤਧਾਰੀ ਸਿੰਘ ਹੀ ਹੋ ਸਕਦਾ ਹੈ। ਹੋਰ ਕਿਸੇ ਤਰਾਂ ਦੀ ਸਿਖੀ ਗੁਰਮਤਿ ਵਿਖੇ ਨਹੀਂ ਹੈ । ਕਿਉਂਕਿ ਗੁਰੂ ਧਾਰਨ ਕਰਨ ਦਾ ਹੋਰ ਕੋਈ ਤਰੀਕਾ ਸ੍ਰੀ ਦਸਮੇਸ਼ ਜੀ ਤੋਂ ਬਾਅਦ ਨਹੀਂ ਹੈ ਕੇਵਲ ਅੰਮ੍ਰਿਤਧਾਰੀ ਹੀ ਗੁਰੂ ਵਾਲਾ ਹੈ ਤੇ ਬਾਕੀ ਨਿਗੁਰੇ ਹਨ। ਖੰਡੇ ਦੇ ਅੰਮ੍ਰਿਤਧਾਰੀ ਹੋਣ ਲਈ ਇਕ ਵੱਡੀ ਸ਼ਰਤ ਕੇਸਾਂ ਵਾਲਾ ਸਾਬਤ ਸੂਰਤ ਹੋਣਾ ਪ੍ਰਮ ਆਵੱਸ਼ਕ ਹੈ। ਸੋ ਸਿਧ ਹੋਇਆ ਕਿ ਕੇਸਾਂ ਤੋਂ ਬਿਨਾਂ ਸ੍ਰੀ ਗੁਰੂ ਨਾਨਕ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਹਰਗਿਜ਼ ਨਹੀਂ ਹੈ, ਜੇ ਹੈ ਤਾਂ ਕੇਸਾਂ ਸਹਿਤ ਹੀ ਹੈ ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




# ਗੁਰਮਤਿ ਪ੍ਰਚਾਰਕ ਅੱਧ-ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ
ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ੫ ਜੂਨ ਮੁਤਾਬਕ ੨੨ ਜੇਠ ੫੦੧ ਨਾਨਕ ਸ਼ਾਹੀ [ ਅੰਕ ੯


ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ।
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ।
ਦੁਯੈ ਭਾਇ ਵਿਗੁਚੀਐ ਗਲਿ ਪਈ ਸੁ ਜਮ ਕੀ ਫਾਸ।
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ।
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ।
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ।
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ।
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ।
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ।੫।

(ਬਾਰਹਮਾਹਾ ਮਾਝ ਮਹਲਾ ੫ ਘਰੁ ੪)


ਮੁਖ ਸੰਪਾਦਕ:
ਪਿਆਰਾ ਸਿੰਘ

## ੫ ਜੂਨ ੧੯੭੦

ਆਨਰੇਰੀ ਸੰਪਾਦਕ:
ਸਰਦਾਰ ਸਿੰਘ (Rtd. S.D.O.)

ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਾ ਕੇ ਦਫਤਰ 'ਸੂਰਾ' ਧੋਬੀ ਘਾਟ ਪਟਿਆਲਾ ਤੋਂ ੫ ਜੂਨ 1970 ਨੂੰ ਪ੍ਰਕਾਸ਼ਤ ਕੀਤਾ।



www.AKJ.Org

# ਸਿੱਖੀ ਕੇਸਾਂ ਸਵਾਸਾਂ ਸੰਗ

(ਵਲੋਂ—ਭਾਈ ਅਮਰਜੀਤ ਸਿੰਘ ਜੀ, ਦਾਰਜੀਲਿੰਗ (ਬੰਗਾਲ)

ਕੇਸ! ਆਹਾ! ਕਿੰਨਾ ਸੁੰਦਰ ਸ਼ਬਦ ਹੈ। ਕਿਉਂ ਨ ਸੁੰਦਰ ਲਗੇ ਇਹ ਸ਼ਬਦ ਸਿਖ ਨੂੰ? ਇਸ ਸ਼ਬਦ ਨੂੰ ਸੁਣਦਿਆਂ, ਪੜ੍ਹਦਿਆਂ, ਜਾਂ ਇਸ ਸ਼ਬਦ ਦਾ ਵੀਚਾਰ ਦਿਮਾਗ਼ ਵਿਚ ਆਉਂਦਿਆਂ ਹੀ ਇਕ ਮਿਠਾਸ ਸ਼ਾਂਤ-ਰਸ ਭਰੀ ਲਹਿਰ ਸਿਖ ਦੇ ਅੰਤਰ-ਆਤਮੇ ਦੌੜ ਪੈਂਦੀ ਹੈ।

ਇਸ ਸ਼ਬਦ, ਕੇਸ ਤੋਂ ਜਿਸ ਚੀਜ਼ ਦਾ ਬੋਧ ਹੁੰਦਾ ਹੈ ਉਹ ਤਾਂ ਸਿਖ ਲਈ ਗੁਰੂ ਕੀ ਮੋਹਰ ਹੈ। ਸਿਖ ਨੂੰ ਗੁਰੂ ਦਾ ਰੂਪ ਹੀ ਉਸ ਵਿਚ ਪ੍ਰਤੀਤ ਹੰਦਾ ਹੈ। ਇਹਨਾਂ ਕੇਸਾਂ ਕਰਕੇ ਹੀ ਉਹ ਗੁਰੂ ਵਾਲਾ ਹੋਣ ਦਾ ਹਕਦਾਰ ਹੋਇਆ ਹੈ, ਅਤੇ ਇਹਨਾਂ ਕੇਸਾਂ ਦੀ ਸਾਬਤ ਸੂਰਤੀ ਤੇ ਪਵਿਤਰਤਾ ਵਿਚ ਉਹ ਗੁਰੂ ਨੂੰ ਸਦਾ ਹੀ ਅੰਗ-ਸੰਗ ਸਮਝਦਾ ਹੈ। ਇਹ ਅਮੋਲਕ ਕੁਦਰਤੀ ਦਾਤ ਕੇਸ, ਸਰੀਰ ਦੇ ਹੋਰ ਅੰਗਾਂ ਦੀ ਤਰਾਂ, ਸਿਖ ਦੀ ਜੀਵਨ ਯਾਤ੍ਰਾ ਵਿਚ ਆਦਿ ਤੋਂ ਅੰਤ ਤਕ, ਅੰਤਮ ਸਵਾਸਾਂ ਤਕ ਨਿਭਣ-ਵਾਲੀ ਅਸਬੂਲ ਵਸਤੂ ਹੈ। ਜੋ ਕਿ ਗੁਰਮੁਖਿ ਪਿਆਰਿਆਂ ਅਨੁਸਾਰ ਸਿਖ ਦੀ ਅਧਿਆਤਮਕ ਅਵਸਥਾ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਣ ਲਈ ਅਤਿਅੰਤ ਸਹਾਈ ਹੈ ਜਾਂ ਇਉਂ ਕਹੋ ਕਿ ਆਤਮ ਅਵਸਥਾ ਦੀ ਪ੍ਰਭੂ ਲਿਵ-ਲੀਨਤਾ ਦੀ ਉਚੀ ਪਉੜੀ ਨੂੰ ਪਾਉਣ ਲਈ ਸਿਖ ਨੂੰ ਗੁਰਦੇਵ ਜੀ ਵਲੋਂ ਇਹਨਾਂ ਕੇਸਾਂ ਦੀ ਪੂਰਨ ਤੌਰ ਤੇ ਸਾਬਤ ਸੂਰਤੀ, ਰਖਿਆ ਤੇ ਪਵਿਤ੍ਰਤਾ ਸਹਿਤ ਰਖਣ ਦਾ ਤਾਕੀਦੀ ਹੁਕਮ ਗੁਰੂ ਅਕਾਲ ਪੁਰਖ ਦੀ ਮੇਹਰ ਜਾਂ ਬਖਸ਼ਸ ਹੈ। ਫਿਰ ਕਿਉਂ ਨ ਸਿਖ ਆਪਣੇ ਗੁਰਦੇਵ ਜੀ ਵਲੋਂ ਪ੍ਰਾਪਤ ਹੋਈ ਬਖਸ਼ਸ ਨੂੰ ਸਵਾਸਾਂ ਤੋਂ ਵਧ ਸਮਝ ਕੇ ਸਤਿਕਾਰ ਕਰੇ?

'ਨਾਮ' ਸਿਖੀ ਦੀ ਰੂਹ ਹੈ ਤੇ ਕੇਸ ਸਿਖ ਦੇ ਸਵਾਸ ਹਨ। ਜੇ ਸਿਖ ਦੇ ਕੇਸ ਹਨ ਤਾਂ ਉਸਦੇ ਸਵਾਸ ਵੀ ਕਾਇਮ ਹਨ। ਕੇਸਾਂ ਤੋਂ ਹੀਨ ਹੋਕੇ ਜੀਉਣਾ ਸਿਖ ਲਈ ਅਸੰਭਵ ਹੈ। ਜੇ ਸਿਖ ਗੁਰਦੇਵ ਜੀ ਪਾਸੋਂ ਅੰਮ੍ਰਿਤ ਵੇਲੇ ਨਿਤਨੇਮ ਤੋਂ ਬਾਅਦ ਤੇ ਸੰਧਿਆ ਵੇਲੇ ਰਹਿਰਾਸ ਤੋਂ ਬਾਅਦ ਅਰਦਾਸ ਕਰਦਿਆਂ ਨਾਮ ਦੀ ਜਾਚਨਾ ਕਰਦਾ ਹੈ ਤੇ ਕੇਸਾਂ ਸਵਾਸਾਂ ਸੰਗ ਸਿਖੀ ਨਿਭਣ ਲਈ ਪ੍ਰਾਰਥਨਾ ਕਰਦਾ ਹੈ, ਤਾਂ ਨਾਮ ਦਾਨ ਮੰਗਣ ਦੇ ਨਾਲ ਬਲਕਿ ਪਹਿਲਾਂ ਕੇਸ ਦਾਨ ਮੰਗਦਾ ਹੈ। ਕਿਉਂਕਿ ਉਸ ਨੂੰ ਗੁਰਦੇਵ ਜੀ ਨੇ ਦਸ ਦਿਤਾ ਹੈ ਕਿ ਉਸਦੀ ਸਿਖੀ ਕੇਸਾਂ ਸਵਾਸਾਂ ਸੰਗ ਹੀ ਹੈ। ਜਿਸ ਤਰਾਂ ਕਿ ਰੂਹ (ਆਤਮਾਂ) ਦੇ ਨਿਵਾਸ ਲਈ ਸਰੀਰ ਹੈ ਉਸੇ ਤਰਾਂ ਇਸ ਸਿਖੀ ਦੀ ਰੂਹ ਨਾਮ ਦੇ ਨਿਵਾਸ ਲਈ ਕੇਸਾਂ ਦਾ ਕੇਸਗੜ੍ਹ ਹੈ। ਇਸੇ ਲਈ ਅਰਦਾਸ ਵਿਚ ਪਹਿਲਾਂ ਕੇਸਾਂ ਦੀ ਮੰਗ ਤਾਂ ਫਿਰ ਉਸ ਵਿਚ ਨਿਵਾਸ ਕਰਨ ਵਾਲੇ ਅਮੋਲ ਪਦਾਰਥ ਨਾਮ ਦੀ ਮੰਗ ਸਿਖ ਕਰਦਾ ਹੈ। 'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ' ਦੀ ਅਤਿ ਉਚੀ ਅਵਸਥਾ ਦਾ ਰਸੀਆ ਕੇਵਲ ਅਛੇਦ ਰੋਗਾਂ (ਸਾਬਤ ਸੂਰਤ ਕੇਸਾਂ) ਵਾਲਾ ਗੁਰਸਿਖ ਹੀ ਹੋ ਸਕਦਾ ਹੈ। ਅਕਾਲ ਰੂਪ ਪਰਮ ਗੁਰ੍ਰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸੇ ਪਾਤਸ਼ਾਹੀਆਂ ਨੇ ਹੀ ਕਲਾਧਾਰੀ ਜੋਤਿ ਜਾਮੇ ਅੰਦਰ ਸੰਸਾਰ ਯਾਤਰਾ ਵਿਖੇ ਕੇਸ ਰਖੇ, ਅਤੇ ਆਪਣੇ ਸਿਖਾਂ ਨੂੰ ਵੀ ਸਾਬਤ ਸੂਰਤ ਰਹਿਣਾ ਹੀ ਸਿਖਾਇਆ। ਇਹ ਗਲ ਨਿਰੋਲ-ਨਿਤਾਂਤ ਸਚ ਹੈ ਕਿ ਦਸੋ ਹੀ ਪਾਤਸ਼ਾਹੀਆਂ ਦੇ ਸਮੇਂ ਜਿਨ੍ਹਾਂ ਵੀ ਪ੍ਰਾਣੀਆਂ ਨੂੰ ਸਿਖੀ ਪ੍ਰਾਪਤ ਕਰਨ ਦਾ ਪਰਮ ਸੁਅਵਸਰ-ਸੁਭਾਗ ਪ੍ਰਾਪਤ ਹੋਇਆ ਉਹ ਸਾਰੇ ਹੀ ਕੇਸਾਧਾਰੀ ਹੋਏ ਹਨ। ਹੁਣ-ਵੀ ਜੁਗੋ-ਜੁਗ ਅਟੱਲ ਦਸਾਂ ਪਾਤਸ਼ਾਹੀਆਂ ਦੀ ਜੋਤਿ, ਦੇਵਾਨ ਦੇਵ, ਉਪਮਾ ਮਹਾਨ ਪਰਮ ਗੁਰੂ ਸੁਖਸਾਗਰ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਸਾਬਤ ਸੂਰਤ ਰਹਿਣ ਦਾ ਉਪਦੇਸ਼ ਦ੍ਰਿੜਾਉਂਦੇ ਹਨ। ਅਤੇ ਪੰਚ-ਪਰਵਾਨ ਪੰਚ



www.AKJ.Org

ਪਰਧਾਨ (ਪੰਜ ਪਿਆਰੇ) ਇਸ ਰਹਿਤ ਤੋਂ ਵਾਂਜੇ ਹੋ ਗਏ ਸਿਖ਼ ਨੂੰ ਪਤਿਤ ਗਰਦਾਨਦੇ ਹਨ ।

ਫੇਰ ਅਜ ਕਲ ਜੋ ਆਮ ਕੇਸਾਂ ਤੋਂ ਬਿਹੂਨ (ਕਹਾਉਤੀ) ਸਿਖੀ ਦੇਖਣ ਵਿਚ ਆਉਂਦੀ ਹੈ ਜਿਸ ਨੂੰ ਆਮ ਲੋਕਾਂ ਨੇ 'ਸਹਿਜਧਾਰੀ ਸਿਖ' ਦਾ ਨਾਉਂ ਦਿਤਾ ਹੈ, ਇਹ ਕਿਥੋਂ ਦੀ ਸਿਖੀ ਹੈ ? ਭਾਵੇਂ ਇਹ ਕੇਸਾਂ ਤੋਂ ਬਿਹੂਨ ਲੋਕ ਆਪਣੇ ਆਪ ਨੂੰ ਸਿਖ ਕਹਾਉਣ ਅਤੇ ਕਹਾਉਣ ਵੀ 'ਸਹਿਜਧਾਰੀ' । ਬਾਕੀ ਆਮ ਸਿਖ ਕੇਵਲ ਆਪਣੇ ਆਪ ਨੂੰ ਸਿਖ ਹੀ ਕਹਾਉਂਦੇ ਹਨ, ਪਰ ਇਹ ਕੇਸਾਂ ਤੋਂ ਬਿਹੂਨ ਹੋ ਕੇ ਯਾਨੀ ਸਿਖੀ ਤੋਂ ਪਤਿਤ ਜਾਂ ਸਿਖੀ ਦੀ ਪਦਵੀ ਤੋਂ ਹੋਣ ਵਾਲੀ ਸ਼ੇਣੀ ਦੇ ਹਕਦਾਰ ਆਪਣੇ ਆਪ ਨੂੰ ਸਹਿਜਧਾਰੀ ਸਿਖ ਕਹਾਉਂਦੇ ਹਨ । ਸਹਿਜਧਾਰੀ = ਸਹਿਜ ਪਦ ਦਾ ਧਾਰਨੀ; ਸਹਿਜ, ਜੋ ਕਿ ਸਿਖੀ ਮੰਜ਼ਲ ਦੀ ਬਹੁਤ ਉਚ ਅਵਸਥਾ ਹੈ, ਖੜਗੇਸ਼ ਕਲਗੇਸ਼ ਦਾਤਾ ਦਸਮੇਸ਼ ਜੀ ਤਾਂ ਸਿਖ ਨੂੰ ਰਹਿਤ ਦ੍ਰਿੜਾਉਂਦੇ ਹੋਏ ਹੁਕਮ ਦਿੰਦੇ ਹਨ ਕਿ ਸਿਰ ਗੁੰਮ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਕਰਨੀ । ਕੇਸਾਂ ਤੋਂ ਪਤਿਤ ਹੋਣ ਵਾਲੇ ਨੂੰ ਸ੍ਰੀ ਦਸਮੇਸ਼ ਪਿਤਾ ਜੀ ਸਿਰ ਤੋਂ ਬਿਹੂਨ ਹੋਣ ਦੀ ਤੁਲਨਾ ਦਿੰਦੇ ਹਨ । ਉਪਰਲੇ ਹੁਕਮ ਅਨੁਸਾਰ ਇਹ ਕੇਸਾਂ ਦੀ ਬੇਅਦਬੀ ਕਰਨ ਵਾਲੇ ਸਹਿਜਧਾਰੀ ਸਿਖ ਕਹਾਉਣ ਵਾਲੇ, ਸਿਖ ਸੰਗਤ ਲਈ ਗੁਰੂ ਕਾ ਲੰਗਰ ਸਜਾਉਣ ਦਾ ਕੋਈ ਹਕ ਨਹੀਂ ਰਖਦੇ, ਪਰ ਆਮ ਸਿੰਘ ਸਭਾਵਾਂ ਤੇ ਹੋਰ ਕਈ ਇਤਿਹਾਸਕ ਗੁਰਦੁਆਰਿਆਂ ਵਿਚ ਵੀ ਇਹਨਾਂ ਨੂੰ ਗੁਰੂ ਕਾ ਲੰਗਰ ਸਜਾਉਣ ਦੀ ਖੁਲ ਦਿਤੀ ਜਾਂਦੀ ਹੈ ।

'ਏਕ ਪਿਤਾ ਏਕਸ ਕੇ ਹਮ ਬਾਰਿਕ'

ਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।'

ਦੇ ਹੁਕਮ ਅਨੁਸਾਰ ਖਾਲਸੇ ਲਈ ਸਰਬ ਮਨੁਖ਼ ਲਈ ਬਰਾਬਰ ਹਨ । ਉਸ ਲਈ ਕੋਈ ਜ਼ਾਤ ਪਾਤ ਕਰਕੇ ਉਚਾ ਨੀਵਾਂ ਨਹੀਂ । ਯਾਨੀ ਸਾਰੀ ਮਨੁਖਤਾ ਵਿਚੋਂ ਭਾਵੇਂ ਕੋਈ ਕਿਸੇ ਵੀ ਜ਼ਾਤ ਜਾਂ ਧਰਮ ਵਿਚੋਂ ਹੋਵੇ, ਸਾਰਿਆਂ ਨੂੰ ਸਿਖ ਬਣਨ ਦੀ ਖੁਲ੍ਹ ਹੈ । ਕੋਈ ਵੀ ਇਨਸਾਨ ਸਿਖੀ ਅਸੂਲਾਂ ਨੂੰ ਸਵੀਕਾਰ ਕਰ ਕੇ ਸਿਖ ਬਣ ਸਕਦਾ ਹੈ । ਪਰ ਸਿਖ ਦੀ ਰੋਟੀ ਬੇਟੀ ਦੀ ਸਾਂਝ ਕੇਵਲ ਸਿਖ ਨਾਲ ਹੀ ਰਖਣ ਦਾ ਗੁਰਦੇਵ ਜੀ ਵਲੋਂ ਤਾਂ ਕੀ ਦੀ ਹੁਕਮ ਹੈ । ਇਸ ਹੁਕਮ ਤੋਂ ਮੁਨਕਰ ਹੋਣ ਵਾਲੇ ਆਪਣੇ ਆਪ ਨੂੰ ਸਿਖ ਸਮਝਣ ਤਾਂ ਉਹਨਾਂ ਦਾ 'ਇਤ ਭਰਵਾਸੇ ਰਹਿਣ ਕੁਢੰਗਾ' ਹੈ । ਸ੍ਰੋ: ਗੁ: ਪ੍ਰ: ਕਮੇਟੀ ਵਲੋਂ ਛਾਪਿਆ ਤੇ ਪ੍ਰਕਾਸ਼ਤ ਕੀਤਾ 'ਸਿਖ ਰਹਿਤ ਮਰਯਾਦਾ' ਦਾ ਟਰੈਕਟ ਵੀ ਸਿਖ ਦੀ ਪਰਿਭਾਸ਼ਾ ਜਾਂ ਡੈਫੀਨੈਸ਼ਨ ਇਸ ਤਰ੍ਹਾਂ ਦਸਦਾ ਹੈ 'ਜੋ ਖੰਡੇ ਦੇ ਅੰਮ੍ਰਿਤ ਵਿਚ ਨਿਸਚਾ ਰਖਦਾ ਹੈ'...... ਉਹ ਸਿਖ ਹੈ । ਯਾਨੀ ਸਿਖ ਅੰਮ੍ਰਿਤਧਾਰੀ ਸਿੰਘ ਨੂੰ ਹੀ ਕਹਿਆ ਜਾ ਸਕਦਾ ਹੈ । ਖੰਡੇ ਦੇ ਅੰਮ੍ਰਿਤ ਦਾ ਪਾਨ ਕੀਤੇ ਬਿਨਾਂ ਜੇ ਸਿਖੀ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਕੇਸਾਂ ਤੋਂ ਬਿਹੂਨ ਰਹਿਣ ਵਾਲੇ ਸਿਖ ਕਿਸ ਤਰ੍ਹਾਂ ਹੋ ਸਕਦੇ ਹਨ ਸ੍ਰੀ ਗੁਰੂ ਦਸਮੇਸ਼ ਪਿਤਾ ਜੀ ਆਪਣੀ ਰਚਿਤ ਬਾਣੀ ਬਚਿਤਰ ਨਾਟਕ ਵਿਚ ਸਾਫ਼ ਦਸਦੇ ਹਨ ਕਿ ਅਕਾਲ ਪੁਰਖ ਜੀ ਦੀ ਆਗਿਆ ਅਨੁਸਾਰ ਇਹ ਨਵਾਂ ਪੰਥ, ਖਾਲਸਾ ਧਰਮ ਚਲਾਉਣ ਖਾਤਰ ਹੀ ਆਪ ਜੀ ਸੰਸਾਰ ਵਿਖੇ ਆਏ । ਦਸੇ ਪਾਤਸ਼ਾਹੀਆਂ ਇਕੋ ਗੁਰੂ ਜੋਤਿ ਸਨ । ਤੇ ਹੁਣ ਉਹ ਜੋਤਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਬਿਰਾਜਮਾਨ ਹੈ । ਭਾਵ ਇਹ ਕਿ ਦਸ ਰੂਪ ਵਟਾ ਕੇ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦਾ ਸੰਸਾਰ ਵਿਖੇ ਅਵਤਰਿਤ ਹੋਣ ਦਾ ਸਿਟਾ ਖਾਲਸਾ ਪੰਥ ਦੀ ਸਿਰਜਨਾ ਹੀ ਸੀ । ਤੇ ਇਸ ਪੰਥ ਵਿਚ ਤਾਂ ਕੇਸਾਧਾਰੀ ਹੀ ਸ਼ਾਮਲ ਹੋ ਸਕਦਾ ਹੈ । ਸ੍ਰੀ ਦਸਮੇਸ਼ ਜੀ ਬਚਿਤਰ ਨਾਟਕ ਵਿਚ ਦਸਦੇ ਹਨ—

'ਇਹ ਬਿਧਿ ਕਰਤ ਤਪੱਸਿਆ ਭਯੋ ।।
ਦ੍ਵੈ ਤੇ ਏਕ ਰੂਪ ਹ੍ਵੈ ਗਯੋ ।'

ਆਪ ਜੀ ਨੇ ਪਿਛਲੇ ਜਨਮ ਵਿਖੇ ਹੇਮਕੁੰਟ ਪਰਬਤ ਤੇ ਬੜੀ ਭਾਰੀ ਤਪਸਿਆ ਕੀਤੀ ।

(ਬਾਕੀ ਸਫਾ 2 ਲੇਖ ਸੂਚੀ ਥਲੇ)



www.AKJ.Org

## ਨਿਰਬਾਨ ਕੀਰਤਨੀ ਜਥਾ, ਕੁਮਾਰ ਹਟੀ, ਡਗਸ਼ਈ ਅਤੇ ਸ਼ਿਮਲਾ ਵਲੋਂ

# ਸ਼ਹੀਦੀ ਗੁਰਪੁਰਬ ਤੇ ਅਖੰਡ ਕੀਰਤਨ ਸਮਾਗਮ

## ਪ੍ਰੋਗਰਾਮ—ਕੁਮਾਰ ਹਟੀ ਤੇ ਡਗਸ਼ਈ ਵਿਖੇ

6-6-70 ਸਨਿਚਰਵਾਰ ਸਵੇਰੇ 5 ਵਜੇ ਤੋਂ 8 ਵਜੇ ਤਕ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ ਗੁਰਦਵਾਰਾ ਤਪੋ ਬਨ ਕੁਮਾਰ ਹੱਟੀ।

6-6-70 ਸ਼ਾਮ 7 ਤੋਂ 9 ਵਜੇ ਤਕ ਕੀਰਤਨ ਗੁਰਦਵਾਰਾ ਸਾਹਿਬ ਤਪੋ ਬਨ ਕੁਮਾਰ ਹੱਟੀ ਵਿਖੇ।

7-6-70 ਐਤਵਾਰ ਸਵੇਰੇ 6 ਤੋਂ 11 ਵਜੇ ਤਕ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਸ: ਅਜਮੇਰ ਸਿੰਘ ਜੀ ਸੈਕਟਰੀ ਗੁਰਦਵਾਰਾ ਸਿੰਘ ਸਭਾ ਡਗਸ਼ਈ ਦੇ ਗ੍ਰਿਹਿ ਵਿਖੇ।

7-6-70 ਸ਼ਾਮ 7 ਤੋਂ 9 ਵਜੇ ਤਕ ਕੀਰਤਨ ਗੁ: ਤਪੋ ਬਨ ਕੁਮਾਰ ਹੱਟੀ।

8-6-70 ਸੋਮਵਾਰ ਸਵੇਰੇ ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਜੀ 5 ਵਜੇ ਉਪਰੰਤ ਕੀਰਤਨ ਦੁਪਹਿਰ ਤਕ ਗੁਰਦਵਾਰਾ ਸਾਹਿਬ ਤਪੋ ਬਨ ਕੁਮਾਰ ਹੱਟੀ।

8-6-70 ਸ਼ਾਮ 8 ਵਜੇ ਅਰੰਭ ਕੀਰਤਨ ਰੈਣ ਸਬਾਈ, ਸਮਾਪਤੀ 9-6-70 ਸਵੇਰੇ 6 ਵਜੇ ਗੁ: ਸਾਹਿਬ ਸ੍ਰੀ ਗੁਰੂ ਸਿੰਘ ਸਭਾ ਡਗਸ਼ਈ ਵਿਖੇ।

## ਪਰੋਗਰਾਮ—ਸ਼ਿਮਲਾ ਵਿਖੇ

9-6-70 ਮੰਗਲਵਾਰ ਸਵੇਰੇ 5 ਤੋਂ 9 ਵਜੇ ਕੀਰਤਨ ਸ੍ਰੀ ਆਸਾ ਜੀ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ, ਖਾਲਸਾ ਨਿਵਾਸ, ਰਾਮ ਬਜ਼ਾਰ, ਸ਼ਿਮਲਾ।

9-6-70 ਸ਼ਾਮ 8 ਤੋਂ 10 ਵਜੇ ਤਕ ਕੀਰਤਨ ਗੁਰਦਵਾਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਿਖੇ।

10-6-70 ਬੁਧਵਾਰ ਸਵੇਰੇ 5 ਤੋਂ 9 ਵਜੇ ਕੀਰਤਨ ਗੁਰਦਵਾਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ।

10-6-70 ਸ਼ਾਮ 8 ਤੋਂ 10 ਵਜੇ ਤਕ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ।

11-6-70 ਵੀਰਵਾਰ ਸਵੇਰੇ 5 ਵਜੇ ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਦੁਪਹਿਰ ਤਕ, ਖਾਲਸਾ ਨਿਵਾਸ, ਰਾਮ ਬਜ਼ਾਰ, ਸ਼ਿਮਲਾ ਵਿਖੇ।

11-6-70 ਸ਼ਾਮ ਨੂੰ 8 ਵਜੇ ਅਰੰਭ ਰੈਣ ਸਬਾਈ ਕੀਰਤਨ, ਖਾਲਸਾ ਨਿਵਾਸ, ਰਾਮ ਬਜ਼ਾਰ ਸ਼ਿਮਲਾ ਵਿਖੇ ਜਿਸਦੀ ਸਮਾਪਤੀ 12-6-70 ਨੂੰ ਸਵੇਰੇ 6 ਵਜੇ।

ਦਰਸ਼ਨ ਅਭਲਾਖੀ—

ਨਿਰਬਾਨ ਕੀਰਤਨੀ ਜਥਾ, ਕੁਮਾਰ ਹੱਟੀ, ਡਗਸ਼ਈ ਅਤੇ ਸ਼ਿਮਲਾ

ਰਿਹਾਇਸ਼ ਦਾ ਪ੍ਰਬੰਧ:— 1. ਗੁਰਦਵਾਰਾ ਸਾਹਿਬ ਤਪੋ ਬਨ ਕੁਮਾਰ ਹੱਟੀ।
2. ਗੁਰਦਵਾਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ।

ਪੁਛ ਗਿਛ ਲਈ:— 1. ਭਾਈ ਸਾਹਿਬ ਬਾਵਾ ਸਿੰਘ ਜੀ ਸੇਵਾਦਾਰ ਗੁਰਦਵਾਰਾ ਸਾਹਿਬ ਤਪੋ ਬਨ ਕੁਮਾਰ ਹੱਟੀ (ਸ਼ਿਮਲਾ ਹਿਲਜ਼)।
2. ਭਾਈ ਸਾਹਿਬ ਇੰਦਰ ਸਿੰਘ ਜੀ ਖਾਲਸਾ ਬੂਟ ਹਾਊਸ ਸ਼ਿਮਲਾ।

ਨੋਟ:—ਬਿਸਤਰੇ ਲੋੜ ਅਨੁਸਾਰ ਨਾਲ ਲਿਆਉਣ ਦੀ ਕਿਰਪਾਲਤਾ ਕਰਨੀ ਜੀ।



www.AKJ.Org

# ਨਾਂਗੇ ਰਹਿਣ ਤੇ ਮੁੰਡਨ ਆਦਿ ਸੰਸਕਾਰਾਂ ਦਾ ਖੰਡਨ

(ਵਲੋਂ–ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਨਗਨ ਫਿਰਤ ਜੌ ਪਾਈਐ ਜੋਗੁ।
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ।
ਕਿਆ ਨਾਗੇ ਕਿਆ ਬਾਧੇ ਚਾਮ।
ਜਬ ਨਹੀ ਚੀਨਸਿ ਆਤਮ ਰਾਮ।੧।ਰਹਾਉ।
ਮੂੰਡ ਮੁੰਡਾਏ ਜੋ ਸਿਧਿ ਪਾਈ।
ਮੁਕਤੀ ਭੇਡ ਨ ਗਈਆ ਕਾਈ।੨।
ਬਿੰਦੁ ਰਾਖਿ ਜੋ ਤਰੀਐ ਭਾਈ।
ਖੁਸਰੈ ਕਿਉ ਨ ਪਰਮ ਗਤਿ ਪਾਈ।੩।
ਕਹੁ ਕਬੀਰ ਸੁਨਹੁ ਨਰ ਭਾਈ।
ਰਾਮ ਨਾਮ ਬਿਨ ਕਿਨਿ ਗਤਿ ਪਾਈ।

ਇਹ ਗੁਰਵਾਕ ਆਨਮਤੀ ਨਗਨ ਪੰਥ ਨਾਂਗਿਆਂ ਨੂੰ ਸੋਧਣ ਪ੍ਰਬੋਧਣ ਲਈ ਉਚਾਰਨ ਹੋਇਆ ਹੈ ਕਿ ਨੰਗੇ ਫਿਰੇ ਤੇ ਹੀ ਜੇਕਰ ਜੋਗ ਪ੍ਰਾਪਤ ਹੋ ਜਾਂਦਾ ਹੈ ਤਾਂ ਬਨਾਂ ਵਿਚ ਜੰਗਲਾਂ ਵਿਚ ਰਹਿਣ ਵਾਲਾ ਮਿਰਗ ਪਸ਼ੂ ਜੋਨੀ ਵਿਚ ਹੀ ਮੁਕਤੀ ਨੂੰ ਪ੍ਰਾਪਤ ਹੋ ਜਾਣਾ ਚਾਹੀਦਾ ਹੈ। ਕਿਉਂਕਿ ਇਹ ਮਿਰਗ ਜੂਨੀ ਵਾਲਾ ਜੰਤੂ ਬਾਹਰ ਬੀਆਬਾਨਾਂ ਵਿਚ ਹੀ ਨੰਗੇ ਬਦਨ ਹੀ ਫਿਰਦਾ ਰਹਿੰਦਾ ਹੈ। ਕੀ ਸਿਆਲ ਕੀ ਉਨ੍ਹਾਲ ਨੰਗਿਆਂ ਰਹਿਕੇ ਹੀ ਕਟਦਾ ਹੈ। ਜੰਗਲਾਂ ਵਿਚ ਫਿਰਨ ਵਾਲੇ ਚੌਪਾਏ ਪਸ਼ੂ ਸਭ ਮਿਰਗ ਹੀ ਕਹਾਉਂਦੇ ਹਨ। ਬਨਾਂ ਵਿਚ ਰਹਿਣ ਵਾਲਾ ਵਿਸ਼ੇਸ਼ ਚੋਪਾਇਆ ਪਸ਼ੂ ਚੂੰਕਿ ਮਿਰਗ ਹੀ ਹੁੰਦਾ ਹੈ ਅਤੇ ਨੰਗੇ ਧੜ ਹੀ ਸਿਆਲਾ ਉਨ੍ਹਾਲਾ ਅਪਣੇ ਬਦਨ ਤੇ ਸਹਿੰਦਾ ਹੈ ਇਸ ਕਰਕੇ ਏਥੇ ਮ੍ਰਿਗ ਪਸ਼ੂ ਦੇ ਹੀ ਉਦਾਹਰਨ ਉਤੇ ਜ਼ੋਰ ਦਿਤਾ ਗਿਆ ਹੈ। ਜੋ ਲੋਗ ਬਨਾਂ ਜੰਗਲਾਂ ਪਹਾੜਾਂ ਬੀਆਬਾਨਾਂ ਵਿਚ ਜਾਂ ਤਾਂ ਨਿਰੋਲ ਨੰਗੇ ਰਹਿਕੇ ਬਿਚਰਦੇ ਹਨ ਯਾ ਸਰੀਰ ਕਜਣ ਲਈ ਪਸ਼ੂਆਂ ਦਾ ਚੰਮ ਪੋਸਤੀਨ ਆਪਣੇ ਸਰੀਰ ਤੇ ਬੰਨ੍ਹ ਲੈਂਦੇ ਹਨ। ਮੁਕਤੀ ਦੇ ਮਾਰਗ ਵਿਚ ਏਹਨਾਂ ਦੀ ਕੁਛ ਭੀ ਵਿਸ਼ੇਸ਼ਤਾ ਵਾਲੀ ਗਲ ਨਹੀਂ। ਇਸ ਬਿਧਿ ਨੰਗੇ ਰਹਿਆਂ ਜਾਂ ਚਮੜ ਪੋਸ਼ੀਏ ਹੋਇਆਂ ਵਾਹਿਗੁਰੂ (ਜੋ ਸਾਰੇ ਰਮਿਆ ਹੋਇਆ ਹੈ) ਕਦਾਚਿਤ ਨਹੀਂ ਮਿਲ ਸਕਦਾ ; ਚੀਨਿਆ ਨਹੀ ਜਾ ਸਕਦਾ॥ ਜਦ ਇਸ ਬਿਧ ਰਮਤ ਰਾਮ ਚੀਨਿਆ ਜਾਣਿਆ ਨਹੀਂ ਜਾ ਸਕਦਾ ਤਾਂ ਨਿਰੇ ਨਗਨ ਵੇਸੀਏ ਜਾਂ ਚਮੜ ਪੋਸ਼ੀਏ ਹੋਣ ਦਾ ਕੀ ਲਾਭ। ਇਹ ਨਿਰੀ ਮਨਮਤ ਹੈ ਜਿਸ ਨੂੰ ਗੁਰਮਤਿ ਖੰਡਣ ਕਰਦੀ ਹੈ। ਅਗੇ ਚਲਕੇ ਮੂੰਡ ਮੁੰਡਾਉਣ ਵਾਲਿਆਂ ਨੂੰ ਭੀ ਖੂਬ ਧਰਕੇ ਦਬਲਿਆ ਗਿਆ ਹੈ। ਜੇਕਰ ਸਿਰ ਚਟਮ ਕਰਾ ਕੇ ਤੇ ਮੁੰਨ ਮੰਨਾ ਕੇ ਸਿਧੀ ਮਿਲਦੀ ਤਾਂ ਭੇਡ ਨੂੰ ਮੁਕਤੀ ਨਾਂ ਮਿਲ ਗਈ ਹੁੰਦੀ। ਭੇਡ ਇਕ ਐਸਾ ਪਸ਼ੂ ਹੈ ਜਿਸ ਦੇ ਪਿੰਡੇ ਉਤੇ ਆਈ ਜਤ ਨੂੰ ਘਟ ਤੋਂ ਘਟ ਸਾਲ ਵਿਚ ਦੋ ਵਾਰ ਮੁੰਨਦੇ ਹਨ ਤਾਂ ਤੇ ਇਹ ਮੂੰਡ ਮੂੰਡਾ ਕੇ ਨਿਰੀ ਮੂੰਡ ਮੁੰਡਾਉਣ ਕਰਕੇ ਜੋ ਮੁਕਤੀ ਮੰਗਦੇ ਹਨ ਉਹ ਭੇਡ ਪੰਥੀਏ ਮੁੰਡਣ ਕਰਾਉਣ ਵਾਲਿਆਂ ਦੀ ਖੂਬ ਗਤ ਬਣਾਉਂਦਾ ਹੈ–

ਕਬੀਰ ਮਨ ਮੂੰਡਿਓ ਨਹੀ ਕੇਸ ਮੂੰਡਾਏ ਕਾਇ।
ਜੋ ਕਿਛ ਕੀਆ ਸੋ ਮਨ ਕੀਆ ਮੂੰਡਾ ਮੂੰਡ ਅਜਾਇ।

ਗੁਰਮਤਿ ਅਨੁਸਾਰ ਮੂੰਡਾ ਮੂੰਡ ਨਿਰੀ ਮਨਮਤ ਅਤੇ ਕੋਝੀ ਕੁਮਤਿ ਭਰੀ ਅਨਮਤਿ ਹੈ। ਕਈ ਪਾਖੰਡੀ ਸੁਆਂਗਧਾਰੀ ਆਨਮਤੀ ਮੂੰਡਾ ਮੂੰਡ ਵਾਲੀ



www.AKJ.Org

ਕੁਕ੍ਰਿਤ ਕਰਨੀ ਨੂੰ ਜਤਲਾਉਣ ਲਈ ਇਸ ਅਗਲੇ ਗੁਰਵਾਕ ਦਾ ਪ੍ਰਮਾਣ ਦਿਆ ਕਰਦੇ ਹਨ। 'ਭਾਵੈ ਲਾਂਬੇ ਕੇਸ ਕਰਿ ਭਾਵੈ ਘਰਰ ਮੁੰਡਾਇ' ਸੋ ਓਹਨਾਂ ਦਾ ਇਸ ਗੁਰਵਾਕ ਦੇ ਪ੍ਰਮਾਣ ਦਿਤਿਆਂ ਇਹ ਅਭਿਪਰਾ ਸਿਧ ਨਹੀਂ ਹੁੰਦਾ ਜੈਸਾ ਕਿ ਉਹ ਸਿਧ ਕਰਨ ਦਾ ਤਰਲਾ ਲਿਆ ਕਰਦੇ ਹਨ ਕਿ ਭਾਵੇਂ ਕੋਈ ਕੇਸ ਮੁੰਨ ਦੇਵੇ ਜਾਂ ਨਾ ਮੁੰਨੇ। ਇਹ ਹਰਗਿਜ਼ ਅਸਲ ਅਭਿਪਰਾ ਨਹੀਂ ਏਥੇ ਤਾਂ ਮਾਨਵੀ ਕਿਰਤ ਵਾਲੀ ਕੁਕਿਰਿਆ ਦਾ ਖੰਡਨ ਹੈ। ਗੁਰਮਤਿ ਅਨੁਸਾਰ ਆਰਾਸਤਨ ਤੇ ਪੈਰਾਸਤਨ ਵਾਲੇ ਦੋਈ ਕੋਝੇ ਕੁਕ੍ਰਿਤ ਕਰਮ ਨਿੰਦਤ ਹਨ। ਆਰਾਸਤਨ ਵਾਲੇ ਕੁਕ੍ਰਿਤ ਕਰਮ ਏਹ ਹਨ ਜੈਸੇ ਕਿ ਸਰੀਰ ਉਤੇ ਬਿਭੂਤ ਚੜ੍ਹਾਈ ਜਾਵੇ ਤੇ ਬਿਭੂਤੀ ਲਾ ਕੇ ਜਟਾਂ ਨੂੰ ਵਧਾਇਆ ਜਾਵੇ, ਕੇਸਾਂ ਦੀਆਂ ਜਟਾਂ ਬਣਾਈਆਂ ਜਾਣ ਅਤੇ ਭਸਮ ਲਾ ਕੇ ਮਨਉਕਤ ਮਨਮਤ ਦੁਆਰਾ ਕੇਸਾਂ ਨੂੰ ਵਧਾਇਆ ਜਾਵੇ। ਅਖੀਆਂ ਵਿਚ ਅੰਜਨ ਸੁਰਮਾ ਪਾਉਣਾ ਅਤੇ ਸਰੀਰ ਦੇ ਅੰਗਾਂ ਤੇ ਵਧ ਚੜ੍ਹ ਕੇ ਸੀਗਾਰ ਬਣਾਉਣਾ ਇਹ ਭੀ ਆਰਾਸਤਨ ਸਜਾਉਣ ਵਾਲਾ ਕਰਮ ਹੈ। ਗੁਰਮਤਿ ਅਨੁਸਾਰ ਨਿਰੀ ਮਨਮਤਿ ਹੈ। ਪੈਰਾਸਤਨ ਕੋਝੀ ਕਿਰਿਆ ਉਹ ਹੁੰਦੀ ਹੈ ਜੋ ਸਰੀਰ ਦੇ ਕਿਸੇ ਅੰਗ ਜਾਂ ਰੋਮਾਵਲੀ ਨੂੰ ਘਸਾ ਮੁਨਾ ਕੇ ਬਣਾਉਟੀ ਸੀਗਾਰ ਕੀਤਾ ਜਾਵੇ। ਜੈਸੇ ਕਿ ਸੇਲੀਆਂ ਕੱਢਣਾਂ, ਜਾਂ ਦੀ ਮੂੰਡ ਮੁੰਡਾਈ ਕਰਨੀ ਇਹ ਸਭ ਬਨਾਵਟੀ ਕਿਰਿਆ ਆਨਮਤ ਭਰੀ ਕੁਮਤਿ ਹੈ। ਤਾਂ ਤੇ ਗੁਰਮਤਿ ਅਨੁਸਾਰ ਸਿਰ ਦੇ ਬਾਲਾਂ ਕੇਸਾਂ ਨੂੰ ਮੁਨਾਉਣਾ ਅਤੇ ਬਨਾਵਟੀ ਜਟਾਂ ਬਣਾਕੇ ਵਧਾਉਣਾ ਦੋਈ ਮਨਿਮਤ ਕਿਰਿਆਵਾਂ ਹਨ ਜੋ ਨਿਰਾ ਅਨੁਮਤੀਆਂ ਵਾਲਾ ਯਾ ਮਾੜਾ ਕੰਮ ਹੈ। ਮਨਮਤੀਏ ਆਨਮਤ ਕਰਮੀ ਅਪਣੀ ਮੁੰਡਣ ਕਿਰਿਆ ਨੂੰ ਕੇਸ ਰਖਣ ਦੀ ਸਦਰਸਤਾ ਦੇਕੇ ਇਕ ਪ੍ਰਕਾਰ ਤੱਤ ਅਰਥਾਂ ਦਾ ਘਾਲਾ-ਮਾਲਾ ਕਰਿਆ ਲੋੜਦੇ ਹਨ। 'ਲਾਂਬੇ ਕੇਸ ਕਰਿ' ਅਧ ਪੰਗਤੀ ਵਿਚ 'ਕਰਿ' ਪਦ ਦੀ ਕਿਰਿਆ ਸਾਫ ਦਸਦੀ ਹੈ ਕਿ ਬਣਾਵਟੀ ਤੌਰ ਤੇ ਬਣਾਈ ਕ੍ਰਿਤੀ ਹੋਈ ਕਿਰਿਆ ਹੈ। ਜਿਸ ਦਾ ਭਾਵ ਜਟਾਂ ਵਧਾਉਣ ਤੋਂ ਹੈ। ਸੋ ਗੁਰਮਤਿ ਅੰਦਰਿ ਜਟਾਂ ਵਧਾਉਣਾ ਘਰੜ ਮੁਨਾਉਣੇ ਦੋਈ ਨਿੰਦਿਤ ਕੁਕਰਮ ਹਨ ਜੋ ਆਨਮਤੀ ਮਨਮਤੀਏ ਹੀ ਕਰਦੇ ਹਨ। ਜਿਹਨਾਂ ਨੂੰ ਗੁਰਮਤ ਦਾ ਮੁਸ਼ਕ ਮਾਤਰ ਭੀ ਸ਼ਊਰ ਨਹੀਂ ਅਗੇ ਚਲ ਕੇ ਐਸੇ ਕੁਚੱਜੇ ਆਨਮਤੀਆਂ ਦੀ ਆਨਮਤਿ ਕਿਰਿਆ ਨੂੰ ਖੰਡਣ ਕੀਤਾ ਗਿਆ ਹੈ ਜੋ ਕੇਵਲ ਬਣਾਵਟੀ ਮਨਮਰਜ਼ੀ ਨਾਲ ਬੀਰਜ ਨੂੰ ਥੰਮਕੇ ਰਖਦੇ ਹਨ। ਬੀਰਜ ਨੂੰ ਥੰਮਣਾ ਪਰਮ ਧਰਮ ਹੀ ਏਹਨਾਂ ਆਨਮਤੀਆਂ ਨੇ ਮੰਨਿਆ ਹੋਇਆ ਹੈ ਜੋ ਕਿ ਹਰਗਿਜ਼ ਐਸਾ ਨਹੀਂ। ਜੇਕਰ ਬਿੰਦ ਬੀਰਜ ਨੂੰ ਮਨ ਮਰਜ਼ੀ ਦੀ ਮਨਮਤ ਹਠ ਕਿਰਿਆ ਨਾਲ ਹੀ ਠਲਿਆ ਜਾਣ ਕਰਕੇ ਹੀ ਭਵ ਸਾਗਰ ਤੋਂ ਤਰ ਜਾਈਦਾ ਹੈ ਤਾਂਤੇ ਖੁਸਰੇ ਤਾਂ ਸੁਤੇ ਤੇ ਨਿਰਯਤਨ ਹੀ ਪਰਮਗਤਿ ਨੂੰ ਪ੍ਰਾਪਤਿ ਹੋ ਜਾਣੇ ਚਾਹੀਦੇ ਹਨ। ਅਜ ਕਲ ਨਵੀਨ ਫੈਸ਼ਨੀਏ ਬਨਾਵਟੀ ਕੰਟਰੋਲ ਦੁਆਰਾ ਆਪਣੇ ਬੀਰਜ ਨੂੰ ਬੱਸ ਕਰਨ ਦਾ ਯਤਨ ਕਰਦੇ ਹਨ ਜੋ ਨਿਰੀ ਮਨਮਤ ਤੇ ਕੋਝੀ ਕੁਮਤਿ ਹੈ। ਪੰਜ ਭੂਤਕੀ ਮਨ ਨੂੰ ਤਾਂ ਬੱਸ ਨਹੀਂ ਕਰਦੇ ਬਨਾਵਟੀ ਬਝਣ ਕੁਮਤਾਂ ਦੁਆਰਾ ਬੀਰਜ ਬੰਨ੍ਹਣ ਕਪੋਲ ਕਿਰਿਆ ਵਿਚਿ ਪਰਵਿਰਤ ਹੁੰਦੇ ਹਨ। ਗੁਰਮਤਿ ਅਨੁਸਾਰ ਇਸ ਨਵੀਨ ਫੈਸ਼ਨੀ ਕੰਟਰੋਲ ਕਿਰਿਆ ਦਾ ਪਹਿਲਾਂ ਹੀ ਖੂਬ ਖੰਡਨ ਕੀਤਾ ਗਿਆ ਹੈ। ਇਸ ਗੁਰਮਤਿ ਬਚਨ ਦੇ ਪੂਰਨ ਅਨੁਸਾਰੀ ਹੋਣ ਕਰਕੇ ਗੁਰਮੁਖਿ ਜਨ ਗੁਰੂ ਦੇ ਪੂਰੇ ਸੂਰੇ ਸਿਖ ਇਸ ਕੰਟਰੋਲ ਗਰਦੀ ਕਰੂਰ ਕਿਰਿਆ ਵਿਚ ਪੈਂਦੇ ਹੀ ਨਹੀਂ, ਹੋਰ ਸਾਰਾ ਆਨ-ਮਤੀ ਜੱਗ ਏਸੇ ਕਰੂਰ ਕਿਰਿਆ ਵਿਚ ਉਲਝਿਆ ਪਿਆ ਹੈ। ਇਸ ਬਿਧਿ ਕਰੂਰ ਕਰਿਆ ਵਿਚ ਉਲ-ਝਿਆਂ ਸ੍ਰੀ ਭਗਵਾਨ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ। ਕਦਾਚਿਤ ਨਹੀਂ ਹੋ ਸਕਦੀ। ਪ੍ਰਾਪਤੀ ਤੇ ਕਲਿਆਣ ਗਤੀ ਕੇਵਲ ਗੁਰਮਤਿ ਅਨੁਸਾਰ ਵਾਹਿਗੁਰੂ ਦੇ ਗੁਰਮਤਿ ਨਾਮ ਅਭਿਆਸ ਬਿਨਾਂ ਕਿਸੇ ਭੀ ਆਨਮਤੀ ਪੁਰਸ਼ ਨੇ ਮਹਿਜ਼ ਉਪਰ ਦਸਿਆ ਕੁਕਰਮ ਕੁਕ੍ਰਿਤ ਕਰਕੇ ਕਦੇ ਭੀ ਗਤੀ ਨਹੀਂ ਪਾਈ ਤੇ ਨਾ ਹੀ ਕੋਈ ਆਨਮਤੀ ਪੁਰਸ਼ ਇਸ ਗਤੀ ਨੂੰ



www.AKJ.Org

ਪਾ ਸਕੇਗਾ । ਗੁਰਮਤਿ ਦਾ ਬਖਸ਼ਿਆ ਹੋਇਆ ਗਿਆਨ ਚਾਨਣਾ ਹੀ ਅਜੇਹੀਆਂ ਆਨਮਤਿ ਕਿਰਿਆਂ ਤੇ ਮਨਮਤਾਂ ਨੂੰ ਖੋਲਕੇ ਖੰਡਣ ਕਰਦਾ ਹੈ ।

## ਆਨਮਤੀ ਕਰਮਾਂ ਦਾ ਖੰਡਨ

ਸੰਧਿਆ ਪ੍ਰਾਤ ਇਸ਼ਨਾਨ ਕਰਾਹੀ ।
ਜਿਉ ਭਏ ਦਾਦਰ ਪਾਨੀ ਮਾਹੀ ।
ਜਉਪੈ ਰਾਮ ਨਾਮ ਰਤਿ ਨਾਹੀ ।
ਤੇ ਸਭਿ ਧਰਮ ਰਾਇ ਕੈ ਜਾਹੀ । ੧ । ਰਹਾਉ ।
ਕਾਇਆ ਰਤਿ ਬਹੁ ਰੂਪ ਰਚਾਹੀ ।
ਤਿਨ ਕਉ ਦਇਆ ਸੁਪਨੈ ਭੀ ਨਾਹੀ ।
ਚਾਰਿ ਚਰਨ ਕਹਹਿ ਬਹੁ ਆਗਰ ।
ਸਾਧੂ ਸੁਖੁ ਪਾਵਹਿ ਕਲਿ ਸਾਗਰ । ੩ ।
ਕਹੁ ਕਬੀਰ ਬਹੁ ਕਾਇ ਕਰੀਜੈ ।
ਸਰਬਸੁ ਛੋਡਿ ਮਹਾ ਰਸੁ ਪੀਜੈ ।੪।੫।

ਗੁਰਮਤਿ ਦੀ ਸਚੀ ਕਸੌਟੀ ਤੇ ਚੜ੍ਹੇ ਬਿਨਾਂ ਅਨਮਤ ਮਤਿ ਦੁਆਰਾ ਅਨਮਤ ਜਗਿਆਸੂਆਂ ਦਾ ਪਰਮਾਰਥ ਭੀ ਸੁੰਨਾ ਹੈ ਅਨਮਤ ਅਤੇ ਮਨਮਤਿ ਦਾ ਸਹੇੜਿਆ ਹੋਇਆ ਪਰਮਾਰਕ ਕਦੇ ਭੀ ਸਿਰੇ ਨਹੀਂ ਚੜ੍ਹ ਸਕਦਾ । ਅਨਮਤ ਖਿਆਲਾਂ ਵਾਲੇ ਹਿੰਦੂਆਂ ਦਾ ਆਥਣ ਵੇਲੇ ਅਨਮਤ ਕਚੀ ਬਾਣੀ ਦਾ ਨਿਤਨੇਮ ਸੰਧਿਆ ਕਿਰਿਆ ਵਾਲਾ ਕੀਤਾ ਹੋਇਆ ਤੇ ਪ੍ਰਾਤਾ-ਕਾਲ ਵੇਲੇ ਇਸ਼ਨਾਨ ਕੀਤਾ ਹੋਇਆ ਐਵੇਂ ਬਿਰਥਾ ਹੀ ਜਾਂਦਾ ਹੈ ਜਿਸ ਪਰਕਾਰ ਕਿ ਡਡੂਆਂ ਦਾ ਅਹਿਨਿਸ ਪਾਣੀ ਵਿਚ ਰਹਿ ਕੇ ਉਦਕ ਮਜਨੀ ਹੋਣਾ ਨਿਰਾਰਥ ਹੀ ਹੈ ਏਸ ਪਰਕਾਰ ਆਨਮਤ ਗ੍ਰਸੇ ਪਖੰਡੀਆਂ ਦਾ ਪ੍ਰਭਾਤੀ ਇਸ਼ਨਾਨ ਕੀਤਾ ਹੋਇਆ ਪਖੰਡ ਰੂਪ ਹੀ ਹੈ । ਆਨਮਤੀਆਂ ਦੀ ਸੰਧਿਆ ਤਰਪਣ ਗਾਇਤ੍ਰੀ ਭੀ ਕਿਸੇ ਲੇਖੇ ਨਹੀਂ ਪੈਂਦੀ । ਜਦ ਤਾਈਂ ਕਿ ਗੁਰਮਤਿ ਮਾਰਗ ਗੁਰਦੀਖਿਆ ਲੈ ਕੇ ਵਾਹਿਗੁਰੂ ਦੇ ਨਾਮ ਅਭਿਆਸ ਅੰਦਰਿ ਗਹਿਕਰ ਪ੍ਰੇਮ ਪਲੀਤੀ ਨਹੀਂ ਲਗਦੀ ਓਦੋਂ ਤਾਈਂ ਆਨਮਤਿ ਪਾਖੰਡ ਕਿਰਿਆ ਕੀਤੀ ਨਿਸਫਲ ਜਾਂਦੀ ਹੈ ਨਿਸਫਲ ਹੀ ਨਹੀਂ ਬਲਕਿ ਇਸ ਵਾਕ ਦੀ ਇਸ ਪੰਗਤੀ ਦੇ ਭਾਵ ਅਨੁਸਾਰ—

ਤੇ ਸਭ ਧਰਮਰਾਇ ਕੈ ਜਾਹੀ ।

ਸਾਰੇ ਆਨਮਤ ਪਖੰਡ ਕਿਰਿਆ ਕਰਨ ਵਾਲਿਆਂ ਨੂੰ ਧਰਮ ਰਾਇ ਦੇ ਅਗੇ ਜਾ ਕੇ ਲੇਖਾ ਦੇਣਾ ਪੈਂਦਾ ਹੈ । ਲੇਖਾ ਦੇਣਾ ਫੇਰ ਭੀ ਸਿਰ ਰਹਿੰਦਾ ਹੈ ਲੇਖੇ ਦੇਣ ਦੀ ਕਾਰ ਚੁਕਦੀ ਹੀ ਨਹੀਂ ਸਿਰ ਤੇ ਕਰਜ਼ ਚੜ੍ਹਿਆ ਹੀ ਰਹਿੰਦਾ ਹੈ ਮੁੜਿ ਮੁੜਿ ਚੁਰਾਸੀ ਦੇ ਗੇੜ ਵਿਚ ਗਿੜਿਆ ਹੋਇਆ ਅਨਿਕ ਪ੍ਰਕਾਰੀ ਸੱਟ, ਖਾਂਦਾ ਰਹਿੰਦਾ ਹੈ । ਮਤ ਖਿਆਲ ਕਰੋ ਕਿ ਸਰੀਰ ਮੁਕ ਗਿਆ ਤਾਂ ਸਭ ਕੁਛ ਮੁਕ ਚੁਕ ਗਿਆ । ਏਹਨਾਂ ਖਿਆਲਾਂ ਦਾ ਸਿਰਫ ਫੂਸ ਵਾਲਾ ਹੀ ਨਿਘਾਸ ਹੈ । ਜਿਨਾਂ ਦੇ ਅੰਦਰ ਇਹ ਆਨਮਤਿ ਆਲੂਦਗੀ ਭਰੀ ਹੋਈ ਹੈ ਤੇ ਜੀਹਨਾਂ ਨੂੰ ਕੁਮਤਿ ਚਰੀਆਂ ਖਾਮ ਖਿਆਲੀਆਂ ਦੀ ਇਹ ਖੁਮਾਰੀ ਚੜੀ ਹੋਈ ਹੈ ਕਿ ਅੱਗਾ ਉੱਗਾ ਕੁਛ ਨਹੀਂ । ਅਸੀਂ ਏਸ ਸਚੀ ਬਾਣੀ ਦੇ ਪੂਰਨ ਭਰਵਾਸੇ ਭਰੋਸੇ ਤੇ ਓਹਨਾਂ ਦੀ ਇਸ ਖਾਮ ਖਿਆਲੀ ਅਤੇ ਕਜਫਹਿਮੀ ਨੂੰ ਡੰਕੇ ਦੀ ਚੋਟ ਨਾਲ ਦੂਰ ਕਰਦੇ ਹਾਂ । ਮੁਰਦਾ ਸਰੀਰ ਭਾਵੇਂ ਏਥੇ ਰਹਿ ਜਾਂਦਾ ਹੈ ਇਸਦੇ ਅੰਦਰਲਾ ਜੀਵ ਸੂਖਮ ਸਰੀਰ ਵਾਲਾ ਰੂਪ ਨਾਲ ਲੈ ਕੇ ਤੇ ਅਗੇ ਜਾ ਕੇ ਇਸ ਮਨੁਖਾ ਜਨਮ ਵਿਚ ਕੀਤੇ ਕੁਕਰਮਾਂ ਕੁਰੀਤੀਆਂ ਦੀਆਂ ਸੱਟਾਂ ਖਾਂਦਾ ਰਹਿੰਦਾ ਹੈ । ਇਸ ਗੁਰਮਤਿ ਗੀਧੀ ਸਚਾਈ ਨੂੰ ਸਚ ਕਰਕੇ ਜਾਣੋ । ਗੁਰਮਤਿ ਦਾ ਲੜ ਫੜਿਆਂ ਹੀ ਨਿਸਤਾਰਾ ਹੈ । ਭੇਖ ਧਾਰੀ ਲੋਗ ਆਨਮਤ ਖਿਆਲਾਂ ਦੇ ਗ੍ਰਸੇ ਹੋਏ ਇਸ ਲੋਕ ਵਿਖੇ ਕਾਇਆ ਦੀ ਰੂਪ ਭੇਖ ਪਲਟਣੀ ਸ੍ਵਾਂਗਾ ਸੁਆਂਗੀ ਵਿਚ ਹੀ ਰਚੇ ਪਚੇ ਰਹਿੰਦੇ ਹਨ ਅਤੇ ਇਸ ਕਾਇਆਂ ਦੇ ਪਾਲਣ ਪੋਸਣ ਲਈ ਅਨੇਕ ਪਰਕਾਰ ਦੇ ਜੀਵ ਹਤਿਆ ਵਾਲੇ ਕੁਕਰਮ ਭੀ ਕਮਾਉਂਦੇ ਹਨ । ਤਿਨਾਂ ਨੂੰ ਇਹ ਸਮਝ ਲਵੋ ਕਿ ਸੁਪਨੇ ਮਾਤਰ ਵਿਚ ਭੀ ਜੀਵਾਂ ਉਤੇ ਦਇਆ ਪਾਲਣ ਦਾ ਖ਼ਿਆਲ ਨਹੀਂ ਉਪਜਦਾ । 'ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ' ਦੇ ਗੁਰਵਾਕ ਪੰਗਤੀ ਅਨੁਸਾਰ ਓਹਨਾਂ ਨੂੰ ਆਪਨੀ ਕਰਤੂਤ ਕਰਨੀ ਅਗੇ ਜਾ ਕੇ



www.AKJ.Org

ਜ਼ਰੂਰ ਭਰਨੀ ਪਵੇਗੀ। ਬਹੁਤ ਸਾਰੇ ਆਨਮਤੀ ਸਿਆਣੇ ਲੋਗ ਆਪੋ ਆਪਣੇ ਮਨੋ ਮਨੀ ਨਿਸਚੇ ਅਨੁਸਾਰ ਮਨ ਮੰਨੇ ਧਰਮ ਦੇ ਚਾਰ ਪੈਰ ਦਸਦੇ ਹਨ ਪਰ ਗੁਰਮੁਖਿ ਜਨ ਅਜੇਹੀ ਕਸੌਟੀ ਦੀ ਖਲਜਗਣ ਵਿਚ ਨਹੀਂ ਪੈਂਦੇ। ਇਸ ਕਲੇਸ਼ ਦੇ ਸਾਗਰ ਵਿਚੋਂ ਬਿਨਾਂ ਇਸ ਪ੍ਰਕਾਰ ਦੇ ਝਗੜੇ ਰਗੜੇ ਵਿਚ ਪਇਆਂ ਹੀ ਗੁਰਮਤਿ ਨਾਮ ਦੇ ਆਸਰੇ ਸਚੇ ਪਰਮਾਰਥੀ ਸੁਖ ਨੂੰ ਜਾਇ ਪ੍ਰਾਪਤ ਹੁੰਦੇ ਹਨ। ਗੁਰਮਤਿ ਧਾਰਨ ਕਰਨ ਦਾ ਏਹੋ ਵਾਧਾ ਹੈ ਕਿ ਉਹਨਾਂ ਨੂੰ ਏਹਨਾਂ ਆਨਮਤੀ ਖਿਆਲਾਂ ਵਾਲੇ ਵਹਿਣ ਵਿਚ ਰੁੜ੍ਹਨ ਦਾ ਮੇਨੀਆ ਹੀ ਨਹੀਂ ਲਗਦਾ ਤੇ ਨਾਂ ਕੋਈ ਖਤਰਾ ਵਿਆਪਦਾ ਹੈ। ਕਬੀਰ ਸਾਹਿਬ ਗੁਰਮਤਿ ਪਰੇਰਨੀ ਇਹ ਬਾਣੀ ਉਚਰਦੇ ਹਨ ਤੇ ਉਪਦੇਸ਼ ਕਰਦੇ ਹਨ ਕਿ ਉਪਰ ਦਸੇ ਹੋਏ ਵਹਿਣਾਂ ਵਿਚ ਰੁੜਨ ਦੀ ਲੋੜ ਨਹੀਂ। ਇਹ ਸਭ ਕੁਛ ਛਡ ਕੇ ਨਾਮ ਮਹਾਂ ਰਸ ਦੇ ਗੁਰਮਤਿ ਅਭਿਆਸ ਵਿਚ ਹੀ ਲੀਨ ਰਹਿਣਾ ਚਾਹੀਦਾ ਹੈ। ਇਸ ਬਿਧੀ ਗੁਰਮਤਿ ਗ੍ਰਹਿਣ ਕੀਤਿਆਂ ਜੀਵ ਦਾ ਸੁਤੇ ਸਿਧ ਹੀ ਨਿਸਤਾਰਾ ਹੈ। ਅਗਲਾ ਗੁਰਵਾਕ ਭੀ ਅਜੇਹੇ ਮਨ ਮਤ ਸੰਸਿਆਂ ਦੀ ਨਿਵਿਰਤੀ ਕਰਾਉਂਦਾ ਹੈ ਕਿ ਦੂਜੇ ਭਾਵ ਵਾਲੀ ਭਾਉ ਭਗਤੀ ਕਦੇ ਭੀ ਪਰਵਾਨ ਨਹੀਂ ਪੈਂਦੀ ਭਾਵੇਂ ਆਨਮਤ ਉਪਦੇਸਿਆ ਹੋਇਆ ਜਪ, ਤਪ, ਬ੍ਰਤ, ਪੂਜਾ ਆਦਿਕ ਕਿਰਿਆ ਕਰਮ ਕੋਈ ਕਿਤਨਾ ਹੀ ਕਰ ਲਵੇ ਇਹ ਗੁਰਵਾਕ ਸਗੋਂ ਇਹ ਦ੍ਰਿੜਾਉਂਦਾ ਹੈ ਕਿ ਗੁਰਮਤਿ ਗ੍ਰਹਿਣ ਕਰ ਕੇ ਮਨ ਬਚਨ ਕਰਮ ਨਾਲ ਵਾਹਿਗੁਰੂ ਸੰਗਿ ਸੁਰਤੀ ਬਿਰਤੀ ਜੋੜਨੀ ਚਾਹੀਦੀ ਹੈ ਅਤ ਆਨਮਤੀਆਂ ਵਾਲੀਆਂ ਸਿਆਣਪਾਂ ਚਤੁਰਾਈਆਂ ਸਭ ਛਡ ਦੇਣੀਆਂ ਚਾਹੀਦੀਆਂ ਹਨ। ਚਤੁਰਾਈ ਦੁਆਰਾ (ਚਤੁਰਾਈ ਕੀਤਿਆਂ) ਵਾਹਿਗੁਰੂ ਅੰਤਰਜਾਮੀ ਹਰਗਿਜ਼ ਨਹੀਂ ਪਾ ਸਕੀਦਾ। ਚਤੁਰਾਈ ਛਡਿਆਂ ਹੀ ਚਤੁਰਭੁਜ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਪਰ ਇਹ ਚਤਰਾਈ ਤਦੇ ਹੀ ਛਡੀ ਜਾ ਸਕਦੀ ਹੈ ਜੇਕਰ ਆਨਮਤ ਗ੍ਰਸੇ ਮਨਮਤ ਖਿਆਲਾਂ ਨੂੰ ਛਡਿਆ ਜਾਵੇ। ਗੁਰਮਤਿ ਅਨੁਸਾਰੀ ਹੁੰਦਿਆਂ ਹੋਇਆਂ ਉਕਤ ਚਤੁਰਾਈ ਭਰੇ ਵਹਿਣ ਸੰਸੇ ਸਭ ਨਵਿਰਤ ਹੋ ਜਾਂਦੇ ਹਨ। ਗੁਰਮਤਿ ਗ੍ਰਹਿਣੀ ਗੁਰਮੁਖਿ ਜਨਾਂ ਨੂੰ ਇਸ ਪਰਕਾਰ ਦੇ ਚਤੁਰਾਈ ਭਰੇ ਸੰਸਕਾਰ ਕਦੇ ਸੁਪਨੇ ਮਾਤਰ ਭੀ ਨਹੀਂ ਸਤਾਉਂਦੇ। ਗੁਰਮਤਿ ਗ੍ਰਹਿਣ ਕਰਨ ਵਾਲੇ ਉਤਮ ਜਗਿਆਸੂ ਨੂੰ ਨਾ ਕੇਵਲ ਇਹ ਚਤੁਰਾਈ ਸਿਆਣਪ ਭਰੇ ਸੰਸਕਾਰ ਹੀ ਛਡਣੇ ਪੈਂਦੇ ਹਨ ਬਲਕਿ ਲੋਭ ਅਤੇ ਲੋਕਾਚਾਰ ਵਾਲੇ ਵਿਕਾਰੀ ਸੰਸਕਾਰ ਸਭ ਤਜ ਦੇਣੇ ਪੈਂਦੇ ਹਨ। ਏਹਨਾਂ ਲੋਭ ਲੋਕਾਚਾਰੀ ਸੰਸਕਾਰਾਂ ਦਾ ਗੁਰਮਤਿ ਗ੍ਰਹਿਣ ਕੀਤਿਆਂ ਸੁਤੇ ਪ੍ਰਹਾਰ ਹੋ ਜਾਂਦਾ ਹੈ ਪਰੰਤੂ ਗੁਰਮਤਿ ਦੇ ਉਤਮ ਜਗਿਆਸੂ ਜਨ ਏਹਨਾਂ ਸੰਸਕਾਰਾਂ ਨੂੰ ਨੇੜੇ ਨਹੀਂ ਢੁਕਣ ਦਿੰਦੇ। ਕਾਮ ਕਰੋਧ ਹੰਕਾਰ ਮਈ ਸੰਸਕਾਰ ਭੀ ਤਿਆਗ ਦਿੰਦੇ ਹਨ। (ਪਰਹਰ ਕਰ ਦਿੰਦੇ ਹਨ) ਅਗਲੀ ਤੀਜੀ ਪੰਗਤੀ ਅੰਦਰਿ ਇਹ ਗੁਰਵਾਕ ਇਹੋ ਦ੍ਰਿੜਾਉਂਦਾ ਹੈ ਕਿ ਆਨਮਤ ਖਿਆਲਾਂ ਵਾਲੇ ਕਰਮ ਕੀਤਿਆਂ ਅਹੰਮਤੀ ਹੰਕਾਰ ਸੰਸਕਾਰ ਸਗੋਂ ਵਧ ਜਾਂਦਾ ਹੈ। ਕਰਮ ਕਰਨ ਦੀ ਅਹੰਮੇਵੀ ਕਰਤੂਤ ਅਨਮਤੀ ਕੁਮਤਿ ਦੇ ਅਧੀਨ ਹੋਇਆਂ ਸਗੋਂ ਹੋਰ ਵਧ ਜਾਂਦੀ ਹੈ। ਉਪਰੋਂ ਇਕ ਹੋਰ ਲੋਹੜਾ ਹੋ ਜਾਂਦਾ ਹੈ। ਉਹ ਓਹਨਾਂ ਨੂੰ ਪਥਰ ਰੂਪੀ ਬੁਤ ਮਿਲ ਜਾਂਦਾ ਹੈ ਜਿਸ ਪਥਰ ਦੇ ਮਿਲਿਆਂ ਉਹ ਬੁਤ ਪੂਜਾ ਕਰਨ ਲਗ ਪੈਂਦੇ ਹਨ ਜੋ ਹੋਰ ਭੀ ਅਨਮਤਿ ਭਰੀ ਕੁਮਤਿ ਹੈ। ਕਿਉਂਕਿ ਬੁਤ ਪੂਜਾ ਕੀਤਿਆਂ ਪਰਮਾਤਮਾ ਨੂੰ ਕਦੇ ਨਹੀਂ ਪਾ ਸਕੀਦਾ। ਕੇਵਲ ਗੁਰਮਤਿ ਭਗਤੀ ਦੁਆਰਾ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਭੋਲੇ ਭਾਵ ਨਾਲ ਨਿਸ਼ਕਪਟ ਭਗਤੀ ਕੀਤਿਆਂ ਹੀ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ ਇਹ ਗੁਰਮਤਿ ਦੀ ਤੱਤ ਸਿਟੇ ਵਾਲੀ ਤੱਤ ਉਪਦੇਸ਼ਨਾ ਹੈ। ਯਥਾ ਗੁਰਵਾਕ—

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ।
ਜਾ ਕੈ ਰਿਦੈ ਭਾਉ ਹੈ ਦੂਜਾ।੧।
ਰੇ ਜਨ ਮਨੁ ਮਾਧਉ ਸਿਉ ਲਾਈਐ।
ਚਤੁਰਾਈ ਨ ਚਤੁਰ ਭੁਜੁ ਪਾਈਐ।੧।ਰਹਾਉ।



www.AKJ.Org

ਪਰਹਰੁ ਲੋਭੁ ਅਰੁ ਲੋਕਾਚਾਰ ।
ਪਰਹਰੁ ਕਾਮ ਕ੍ਰੋਧੁ ਅਹੰਕਾਰੁ ।੨।
ਕਰਮ ਕਰਤ ਬਧੇ ਅਹੰਮੇਵ ।
ਮਿਲਿ ਪਾਥਰ ਕੀ ਕਰਹੀ ਸੇਵ ।੩।
ਕਹੁ ਕਬੀਰ ਭਗਤਿ ਕਰਿ ਪਾਇਆ ।
ਭੋਲੇ ਭਾਇ ਮਿਲੇ ਰਘੁਰਾਇਆ ।੪।੬।
ਜੋਗੀ ਜਤੀ ਤਪੀ ਬ੍ਰਹਮਚਾਰੀ ।
ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ।੨।
ਸਾਕਤ ਮਰਹਿ ਸੰਤ ਸਭਿ ਜੀਵਹਿ ।
ਰਾਮ ਰਸਾਇਨੁ ਰਸਨਾ ਪੀਵਹਿ ।

ਆਨਮਤੀ ਭੇਖ ਜੋਗੀ ਜਤੀ ਤਪੀ ਬ੍ਰਹਮਚਾਰੀ ਇਹ ਸਭ ਚੁਰਾਸੀ ਦੇ ਗੇੜ ਵਿਚ ਹਨ। ਇਹ ਅਨਮਤੀਏ ਲੋਗ ਜੋਗ ਜਪ ਤਪ ਬ੍ਰਹਮਚਰਜ ਜੋ ਕੁਛ ਧਾਰਦੇ ਹਨ ਸੋ ਤ੍ਰੈਗੁਣੀ ਮਨੋਰਥ ਸਿਧ ਕਰਨ ਲਈ ਧਾਰਦੇ ਹਨ। ਸੋ ਉਸ ਮਨੋਰਥ ਅਨੁਸਾਰ ਕਦੇ ਉਹ ਰਾਜੇ ਬਣਦੇ ਹਨ ਕਦੇ ਛਤਰਪਤੀ ਛਤਰਧਾਰੀ ਕਹੌਂਦੇ ਹਨ ਕਦੇ ਭੇਖਾਰੀ ਬਣ ਜਾਂਦੇ ਹਨ। ਇਸ ਪ੍ਰਕਾਰ ਜੂਨਾਂ ਵਿਚ ਘੁਮਦੇ ਹੀ ਰਹਿੰਦੇ ਹਨ। 'ਤਪੋਂ ਰਾਜ ਤੇ ਰਾਜੋਂ ਨਰਕ' ਦੀ ਕਹਾਵਤ ਸਪਸ਼ਟ ਹੈ। ਏਹਨਾਂ ਦੀ ਐਨ ਸਾਕਤਾਂ ਵਾਲੀ ਦੁਰਦਸ਼ਾ ਹੀ ਹੁੰਦੀ ਹੈ। ਮਾਇਕ ਵਿਸ਼ਿਆਂ ਵਿਚ ਲਗੇ ਹੋਏ ਇਹ ਜਪ, ਤਪ, ਜੋਗ ਸਾਧਨਹਾਰੇ ਫੋਕਾ ਬ੍ਰਹਮਚਰਜ ਕਮਾਉਣਹਾਰੇ ਸਭ ਸਾਕਤ ਹੀ ਬਣਦੇ ਹਨ ਤੇ ਬਣ ਬਣ ਮੁੜ ਮੁੜ ਜੰਮਦੇ ਮਰਦੇ ਹਨ। ਜੰਮਣ ਮਰਨ ਤੋਂ ਏਹਨਾਂ ਦਾ ਗੇੜ ਮੁਕਦਾ ਹੀ ਨਹੀਂ। ਇਹ ਕੇਵਲ ਗੁਰਮਤਿਧਾਰੀ ਸਚੇ ਗੁਰਮੁਖਿ ਸੰਤ ਹੀ ਹਨ ਜੋ ਸਦਾ ਲਈ ਗੁਰਮੁਖ ਜੀਵਨੀ ਜੀਵ ਕੇ ਅਸਥਿਰ ਰਹਿੰਦੇ ਹਨ। ਇਹਨਾਂ ਦਾ ਦੀਨ ਦੁਨੀ ਸਭ ਸੰਵਰਿਆ ਹੀ ਰਹਿੰਦਾ ਹੈ।

ਬ੍ਰਹਮੇ ਕਥਿ ਕਥਿ ਅੰਤੁ ਨ ਪਾਇਆ ।
ਰਾਮ ਭਗਤਿ ਬੈਠੇ ਘਰਿ ਆਇਆ ।

ਆਨਮਤੀ ਹਿੰਦੂਆਂ ਦੇ ਦੇਵਤਾ ਵੇਦ ਬੇਤਾ ਕਹਾਉਣ ਵਾਲੇ ਬ੍ਰਹਮੇ ਨੇ ਬਥੇਰੀਆਂ ਕਥਨੀਆਂ ਬਦਨੀਆਂ ਕੀਤੀਆਂ ਪਰ ਉਸ ਨੂੰ ਏਹਨਾਂ ਕੀਤੀਆਂ ਕਤਰੀਆਂ ਕਥਨੀਆਂ ਬਦਨੀਆਂ ਦੁਆਰਾ ਵਾਹਿਗੁਰੂ ਦਾ ਅੰਤ ਨ ਆ ਸਕਿਆ। ਗੁਰਮਤਿ ਧਾਰਨੀ ਭਗਤ ਜਨਾਂ ਦੇ (ਘਟ ਵਿਖੇ) ਰਮਤ ਰਾਮ ਵਾਹਿਗੁਰੂ ਬੈਠੇ ਬਿਠਾਏ ਹੀ ਆ ਜ਼ਹੂਰ ਪਜ਼ੀਰ ਹੋਇਆ ਗੁਰਮਤਿ ਦਾ ਇਹੋ ਵਾਧਾ ਹੈ ਕਿ ਆਨਮਤੀਆਂ ਦੀ ਬਾਹਰ ਢੂੰਡਣ ਤੋਂ ਛੁਟ ਕੇ ਗੁਰੂ ਸਚੇ ਪਾਤਸ਼ਾਹ ਦੀ ਕਿਰਪਾ ਨਾਲ ਨਾਮ ਅਭਿਆਸ ਕਮਾਈਆਂ ਕਰ ਕੇ ਹਿਰਦੇ ਅੰਦਰ ਹੀ ਵਾਹਿਗੁਰੂ ਦਾ ਦਰਸ਼ਨ ਆ ਹੁੰਦਾ ਹੈ।

ਬੇਦ ਕੀ ਪੁਤ੍ਰੀ ਸਿਮ੍ਰਿਤਿ ਭਾਈ ।
ਸਾਂਕਲ ਜੇਵਰੀ ਲੈ ਹੈ ਆਈ ।
ਆਪਨ ਨਗਰੁ ਆਪ ਤੇ ਬਾਂਧਿਆ ।
ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ।੧।ਰਹਾਉ।
ਕਟੀ ਨ ਕਟੈ ਤੂਟਿ ਨਹ ਜਾਈ ।
ਸਾ ਸਾਪਨਿ ਹੋਇ ਜਗੁ ਕਉ ਖਾਈ ।
ਹਮ ਦੇਖਤ ਜਿਨਿ ਸਭੁ ਜਗੁ ਲੂਟਿਆ ।
ਕਹੁ ਕਬੀਰ ਮੈ ਰਾਮ ਕਹਿ ਛੂਟਿਆ ।੩।੩।੫।

ਬੇਦਾਂ ਦੀ ਵਿਆਖਿਆ ਰੂਪ ਹੋਣ ਕਰ ਕੇ ਸਿਮ੍ਰਿਤੀ ਵੇਦਾਂ ਦੇ ਅਧਾਰ ਤੇ ਲਿਖੀ ਹੋਈ ਹੈ। ਇਸ ਕਰਕੇ ਵੇਦ ਦੀ ਪੁਤ੍ਰੀ ਕਹਾਉਂਦੀ ਹੈ। ਇਹ ਸਿਮ੍ਰਿਤੀ ਕਰਮ ਕਾਂਡਾਂ ਤੇ ਵਰਨਾਂ ਦੀ ਕੈਦ ਰੂਪ ਸੰਗਲੀ ਜੇਵਰੀ ਲੈ ਕੇ ਹੀ ਆਈ ਹੈ ਤੇ ਇਸ ਨੇ ਮੋਹ ਦੇ ਫਾਹੇ ਵਿਚ ਜੀਵਾਂ ਨੂੰ ਫਸਾ ਕੇ ਜਨਮ ਮਰਨ (ਮੌਤ) ਦਾ ਤੀਰ ਹੀ ਜੀਵਾਂ ਤੇ ਸਿੰਨ੍ਹਿਆ ਹੋਇਆ ਹੈ (ਕਸਿਆ ਹੋਇਆ ਹੈ) ਚੁਰਾਸੀ ਦੇ ਗੇੜ ਵਾਲੇ ਜੀਵਾਂ ਦੇ ਗਲ ਵਿਖੇ ਇਹ ਕਾਲ ਜੇਵਰੀ ਪਈ ਰਹਿੰਦੀ ਹੈ ਕਿਸੇ ਬਿਧ ਕਟਿਆਂ ਕਟੀ ਨਹੀਂ ਜਾਂਦੀ, ਤੋੜੀ ਤੋਂ ਤੁਟਦੀ ਨਹੀਂ ਸਗੋਂ ਇਹ ਮੋਹ ਦੀ ਫਾਸ ਸਰਪਨ ਹੋ ਕੇ ਸਾਰੇ ਜਗ ਜੰਤੂਆਂ ਨੂੰ ਖਾ ਰਹੀ ਹੈ। ਸਾਡੇ ਦੇਖਦਿਆਂ ਹੀ (ਭਾਵ ਅਸੀਂ ਇਸ ਗਲ ਦੇ ਸ਼ਾਹਦ ਹਾਂ) ਕਿ ਇਸ ਲੁਟੇਰੀ ਮਾਇਆ ਮੋਹ ਨੇ ਸਾਰਾ ਜਗ ਹੀ ਲੁਟ ਖਸੁਟ ਛਡਿਆ ਹੈ। ਕਬੀਰ ਸਾਹਿਬ ਫ਼ੁਰਮਾਉਂਦੇ ਹਨ ਕਿ ਗੁਰਮਤਿ ਜਗਿਆਸੂ ਹੋਣ ਕਰ ਕੇ ਹਰੇਕ ਗੁਰਮੁਖ ਜਨ ਗੁਰਦੀਖਿਆ ਰੂਪੀ ਵਾਹਿਗੁਰੂ ਨਾਮ ਗੁਰਮੰਤਰ ਭਾਖ ਕੇ (ਵੀਚਾਰ ਕੇ) ਇਸ ਮੋਹ ਫਾਸ ਤੋਂ ਛੁਟ ਗਿਆ ਹੈ। ਗੁਰਮਤਿ ਦੀ ਏਹੋ ਵਿਸ਼ੇਸ਼ਤਾ*


www.AKJ.Org

# ਇਕ ਪ੍ਰੇਮੀ ਦੀ ਚਿਠੀ ਦਾ ਉਤਰ

ਇਕ ਪ੍ਰੇਮੀ ਸਿਖ ਧਨਬਾਦ ਤੋਂ ਲਿਖਦੇ ਹਨ ਕਿ–

1. ਮੈਂ ਕੀ ਕਰਾਂ, ਮੇਰੀ ਉਮਰ ਜ਼ਿਆਦਾ ਹੈ, ਜੁੜਨਾ, ਮਨ ਕਰਕੇ, ਚੌਕੜਾ ਮਾਰਕੇ, ਇਕ ਮਨ ਇਕ ਚਿਤ ਕਰਕੇ ਨਹੀਂ ਹੋ ਸਕਦਾ ਸਰੀਰਕ ਤੌਰ ਤੇ ਰੁਕਾਵਟ ਹੁੰਦੀ ਹੈ। ਇਸ ਘਾਟੇ ਦਾ ਇਲਾਜ ਕੀ ਹੈ ?
2. ਮੈਂ ਕਰਮ ਗਤੀ ਤੋਂ ਬਹੁਤ ਡਰਦਾ ਹਾਂ ਕਿ ਕੀ ਹੋਵੇਗਾ ?
3. ਕੀ ਅਸੀਂ ਨਨਕਾਣਾ ਸਾਹਿਬ ਇਟਾਂ ਛਡ ਆਏ ਹਾਂ ?
4. ਗੁਰਦੁਆਰਿਆਂ ਵਿਚ ਹੋ ਰਹੀਆਂ ਕੁਰੀਤੀਆਂ ਲਈ ਸਿਖ ਹਿਰਦਾ ਕਿਨਾ ਕੁ ਜ਼ੁਮੇਵਾਰ ਹੈ ?
5. ਇਹ ਕੀ ਜੋ ਕਰੇਗਾ, ਸੋ ਭਰੇਗਾ ਤਕ ਹੀ ਮਹਦੂਦ ਹੈ ? ਜੇ ਨਹੀਂ, ਤਾਂ ਕਿਥੋਂ ਤਕ ? ਕੀ ਫਰਜ਼ ਹਨ ਸਿਖ ਹਿਰਦੇ ਦੇ ?

ਉਤਰ ਵਜੋਂ ਬੇਨਤੀ ਕਰਦਿਆਂ ਹੋਇਆਂ ਗੁਰਸਿਖ ਪ੍ਰੇਮੀ ਨੂੰ ਇਹ ਵੀ ਸਲਾਹ ਦਿਤੀ ਹੈ ਕਿ ਦਾਸ ਦੇ ਵਿਚਾਰ ਇਨ੍ਹਾਂ ਉਪਰ ਲਿਖੇ ਪ੍ਰਸ਼ਨਾਂ ਬਾਰੇ ਇਹ ਹਨ ਪਰ ਕਿਸੇ ਹੋਰ ਸਮਝਦਾਰ ਕੋਲੋਂ ਵੀ ਪੁਛ ਲੈਨਾਂ ਤਾਂ ਜੋ ਆਪ ਦੇ ਮਨ ਦਾ ਸ਼ੰਕਾ ਪੂਰੀ ਤਰ੍ਹਾਂ ਦੂਰ ਹੋ ਜਾਵੇ।

## ਚਿਠੀ ਦਾ ਉਤਰ

ਖਾਲਸਾ ਜੀਉ

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਆਪ ਦੀ ਹਾਲਤ ਸਮਝ ਲਈ ਹੈ ਕੋਈ ਫਿਕਰ ਕਰਨ ਦੀ ਲੋੜ ਨਹੀਂ। ਹੁਕਮੀ ਬੰਦਾ' ਉਹ ਹੁੰਦਾ ਹੈ

---

*ਹੈ ਕਿ ਆਨਮਤੀਆਂ ਦੀ ਨਿਆਈਂ ਗੁਰਮਤਿ ਧਾਰਨੀ ਪੁਰਸ਼ ਇਸ ਮੋਹ ਫਾਸ ਵਿਚ ਫਸਦਾ ਹੀ ਨਹੀਂ ਗੁਰਮਤਿ ਦੇ ਆਸਰੇ ਇਸ ਮੋਹ ਫਾਸ ਦਾ ਲੇਸ ਗੁਰਮਤਿ ਧਾਰਨੀਆਂ ਨੂੰ ਲਗਦਾ ਹੀ ਨਹੀਂ। ਬ੍ਰਹਮਾ ਸਾਰਖੇ ਬੇਦ ਬੇਤਾ ਅਤੇ ਸਿਮ੍ਰਿਤੀਆਂ ਦੇ ਬਕਤਾ ਰਿਖੀ ਜਨ ਸਭੇ ਹੀ ਏਸ ਮੋਹ ਫਾਸ ਵਿਚ ਫਸੇ ਹੋਏ ਭੁਲੇ ਭਟਕਾਂ ਖਾਂਦੇ ਫਿਰਦੇ ਰਹਿੰਦੇ ਹਨ। ਇਹਨਾਂ ਦਾ ਚੁਰਾਸੀ ਦਾ ਗੇੜ ਮੁਕਦਾ ਹੀ ਨਹੀਂ।

ਕਹਤ ਕਬੀਰ ਭਲੇ ਅਸਵਾਰਾ।
ਬੇਦ ਕਤੇਬ ਤੇ ਰਹਹਿ ਨਿਰਾਰਾ।

ਗੁਰਮਤਿ ਨਾਮ ਰੂਪੀ ਅਭਿਆਸ ਕਮਾਈ ਦੀ ਸੁਆਸ ਸੁਆਸ ਰਫ਼ਤਾਰ ਵਾਲੀ ਅਸਵਾਰੀ ਤੇ ਸਵਾਰ ਹੋ ਕੇ ਸਹਜ ਸੁਭਾਵ ਹੀ ਗੁਰਮੁਖਿ ਜਨ ਪਰਮਾਰਥ ਦੇ ਪੰਧ ਨੂੰ ਮੁਕਾ ਲੈਂਦਾ ਹੈ। ਬੇਦਾਂ ਅਤੇ ਕਤੇਬਾਂ ਦੇ ਮਤਾਂ ਦੋਹਾਂ ਤੋਂ ਇਹ ਗੁਰਮਤਿ ਪੰਥ ਨਿਹਾਰਨੀ ਅਭਿਆਸੀ ਜਨ ਨਿਆਰਾ (ਵਿਲੱਖਣ) ਅਸਵਾਰ ਹੈ। ਜਿਥੇ ਇਸ ਦੀ ਗੰਮਤਾ ਹੈ ਓਥੇ ਨਾਂ ਹੀ ਬੇਦ ਅਵਲੰਬੀ ਮਤ ਵਾਲੇ ਦੀ ਗੰਮਤਾ ਹੈ ਅਤੇ ਨਾ ਹੀ ਯਵਨ ਮਤ ਮਤੀਸ਼ਰੀ ਕੁਰਾਨ ਕਤੇਬ ਦੇ ਮਤ ਵਾਲਿਆਂ ਦੀ ਪਹੁੰਚ ਹੈ। ਇਹ ਗੁਰਮਤਿ ਮੰਡਨੀ ਵਿਲੱਖਣਤਾ ਬੇਦਾਂ ਕਤੇਬਾਂ ਰੂਪੀ ਆਨਮਤ ਮਲੀਨਤਾ ਤੋਂ ਨਿਖਰਵੀਂ ਅਤੇ ਨਿਆਰੀ ਅਫਜ਼ਲ ਮਤ ਹੈ। ਵੇਦ ਕੁਰਾਨੀ ਮੱਤਾਂ ਇਸ ਗੁਰਮਤਿ ਤੋਂ ਬਹੁਤ ਨੀਵੀਆਂ ਹਨ।



www.AKJ.Org

ਜੋ ਉਸ ਦਾਤੇ ਦੇ ਹੁਕਮ ਨੂੰ ਸਿਰ ਮਥੇ ਮੰਨੇ। ਅਕਾਲ ਪੁਰਖ ਦਾ ਹੁਕਮ ਹੈ ਆਪ ਲਈ ਹੁਣ ਐਸੀ ਹੀ ਹਾਲਤ ਵਿਚ ਰਹਿਨ ਲਈ ਹੈ। ਪਰ ਇਹ ਵੀ ਸ਼ੁਕਰ ਕਰੋ ਕਿ ਦਾਤੇ ਆਪ ਨੇ ਦੇ ਅੰਦਰ ਤੜਪ ਤੇ ਸਿਕ ਦਾ ਵਾਧਾ ਰਖਿਆ ਹੈ। ਆਪ ਫੇਰ ਵੀ ਵਡਭਾਗੀ ਹੋ। ਸ਼ੁਕਰ ਕਰੋ, ਸ਼ੁਕਰ ਕਰੋ। ਜਿਸ ਹਾਲਤ ਵਿਚ ਉਹ ਰਖੇ ਉਸ ਵਿਚ ਹੀ ਰਹਿ ਕੇ ਉਸਦਾ ਸ਼ੁਕਰਾਨਾ ਕਰਨਾ ਉਸਦੀ ਭਗਤੀ ਹੈ ਤੇ ਹੁਕਮ ਬਰਦਾਰੀ ਹੈ।

ਆਪ ਬਿਲਕੁਲ ਕੋਈ ਵਹਿਮ ਨ ਕਰੋ ਤੇ ਘਾਟਾ ਮਹਿਸੂਸ ਹੀ ਨਾ ਕਰੋ। ਆਪ ਦਾ ਕੰਮ ਇਹ ਹੈ ਕਿ ਚਲਦੇ ਚਲੋ ਤੇ ਅਪਨੀ ਡਿਯੂਟੀ ਵਿਚ ਕੋਤਾਹੀ ਨ ਕਰੋ। ਘਾਟਾ ਤੇ ਵਾਧਾ ਉਹ ਹੀ ਜਾਣੇ। ਜੇ ਵਾਧਾ ਕਰਨਾ ਹੈ ਤਾਂ ਉਸਦੀ ਮਰਜ਼ੀ ਮੌਜ ਤੇ ਕਿਰਪਾ—ਜੇ ਘਾਟੇ ਵਿਚ ਰਖਦਾ ਹੈ ਤਾਂ ਐਸਾ ਵੀ ਉਸੇ ਦਾ ਹੀ ਹੁਕਮ ਹੈ ਤੇ ਆਪ ਹੀ ਕਿਸੇ ਦਿਨ ਇਸ ਘਾਟੇ ਨੂੰ ਪੂਰਾ ਕਰੇਗਾ। ਸਿਖ ਆਸ਼ਾ ਵਾਦੀ ਰਹੇ ਤੇ ਉਸਦਾ ਪਲਾ ਨਾ ਛਡੇ। ਆਪ ਦਾ ਕੰਮ ਸਿਮਰਨ ਕਰਨਾ ਪਾਠ ਕਰਨਾ ਤੇ ਗੁਰਮਤਿ ਅੰਦਰ ਜੀਵਨ ਗੁਜ਼ਾਰਨਾ ਹੈ। ਬਖਸ਼ਿਸ਼ ਉਹ ਆਪ ਹੀ ਕਰੇਗਾ। ਜਿਥੋਂ ਤਕ ਆਪ ਦਾ ਖਿਆਲ ਹੈ ਕਿ 'ਮੈਂ ਚੌਕੜਾ ਮਾਰਕੇ, ਜੁੜ ਕੇ, ਟਿਕ ਕੇ ਨਹੀਂ ਬੈਠ ਸਕਦਾ, ਸਰੀਰਕ ਰੋਗ ਤੰਗ ਕਰਦਾ ਹੈ ਤੇ ਸਿਲਸਲਾ ਟੁਟ ਜਾਂਦਾ ਹੈ ਇਹ ਕੋਈ ਫਿਕਰ ਵਾਲੀ ਗਲ ਨਹੀਂ। ਇਹ ਆਪ ਦੇ ਵਸ ਦੀ ਗਲ ਨਹੀਂ। ਕੋਈ ਫਿਕਰ ਨਾ ਕਰੋ। ਉਹ ਦਾਤਾ ਦਿਲ ਦੀ ਭਾਵਨਾ ਦੇਖਦਾ ਹੈ। ਮੇਰੇ ਵਰਗੇ ਅਖਾਂ ਮੀਟ ਕੇ ਬੈਠਨ ਵਾਲੇ ਸਾਰੇ ਹੀ ਜੇ ਇਹ ਸਨਝਨ ਕਿ ਅਸਾਂ ਉਸਨੂੰ ਪਾ ਲਿਆ ਜਾਂ ਰੀਝਾ ਲਿਆ ਹੈ ਤਾਂ ਇਹ ਗਲਤ ਹੈ। ਫੁਰਮਾਨ ਹੈ:—

ਇਕਿ ਜਾਗੰਦੇ ਨਾ ਲਹੰਨਿ
ਇਕਨਾ ਸੁਤਿਆ ਦੇਇ ਉਠਾਲਿ।

ਆਪ ਨੂੰ ਕੀ? ਦੁਨੀਆਂ ਦੇ ਹਰੇਕ ਮਨੁਖ ਨੂੰ ਵਾਹਿਗੁਰੂ ਗਿਆਨ ਤੇ ਭਗਤੀ ਰੂਪੀ ਭੋਜਨ ਵਖੋ ਵਖਰੇ ਢੰਗ ਨਾਲ, ਤੇ ਵਖੋ ਵਖਰੀ ਮਾਤ੍ਰਾ ਵਿਚ ਦੇਂਦਾ ਹੈ। ਆਪ ਆਪਨੇ ਧੁਰੇ ਤੋਂ ਨਾ ਉਖੜੋ। ਅਰਦਾਸੇ ਕਰਨਾ ਨ ਛਡੋ ਤੇ ਜਿਸ ਤਰ੍ਹਾਂ ਵੀ ਵਿਘਨ ਨਾਲ ਯਾ ਕੁਝ ਕੂ ਸਮੇਂ ਵਾਸਤੇ ਸਿਮਰਨ ਹੁੰਦਾ ਹੈ, ਕਰਦੇ ਜਾਉ। ਆਪ ਸਮਝੋ ਕਿ ਇਹ ਸਮਾਂ ਸਿਮਰਨ ਦਾ ਜਿਨਾ ਵੀ ਹੈ ਉਸਦਾ ਹੈ ਆਪ ਦਾ ਨਹੀਂ, ਤਾਂ ਅਗੋਂ ਫੇਰ ਉਸ ਦਾਤੇ ਦੀ ਮਰਜ਼ੀ ਹੈ ਕਿ ਆਪ ਨੂੰ ਟਿਕਾ ਕੇ ਨਾਮ ਜਪਾਏ ਯਾ ਤੋਟੇ ਵਿਚ ਰਖੇ ਯਾ ਨੀਂਦਰ ਵਿਚ ਹੀ ਬੇਰਸੀ ਜੇਹੀ ਕਰਕੇ ਆਪ ਦਾ ਸਿਮਰਨ ਵਾਲਾ ਸਮਾਂ ਬਿਤਾਏ। ਘਬਰਾਉ ਨਹੀਂ, ਉਹ ਸਮਾਂ ਦਾਤੇ ਵਾਸਤੇ ਜ਼ਰੂਰ fix ਕਰ ਰਖੋ। ਨਿਰਾ ਰਸਾਂ ਪਿਛੇ ਨ ਦੌੜੋ, ਕਿ ਰਸ ਨਹੀਂ ਆਇਆ। ਕੀ ਹੋਇਆ? ਜਦੋਂ ਆਪ ਨੇ ਉਹ ਸਿਮਰਨ ਵਾਲਾ ਸਮਾਂ ਉਸਦਾ ਹੀ ਸਮਝ ਲਿਆ ਤਾਂ ਫੇਰ ਉਹ ਜਿਸ ਤਰ੍ਹਾਂ ਦੀ ਬਖਸ਼ਿਸ਼ ਕਰੇ, ਖੁਸ਼ ਰਵੋ, ਜੇ ਉਹ ਬੇਰਸੀ ਦੇਂਦਾ ਹੈ ਤਾਂ ਇਹ ਵੀ ਉਸ ਦੀ ਦਾਤ ਹੈ। ਜਿਸ ਤਰ੍ਹਾਂ ਸਿਖ ਨੂੰ ਦੁਖ, ਸੁਖ ਵਿਚ ਸਮਾਨ ਬਿਰਤੀ ਰਖਨ ਦਾ ਹੁਕਮ ਹੈ। ਉਸੇ ਤਰ੍ਹਾਂ ਰਸ ਨੂੰ ਤੇ ਬੇਰਸੀ ਦੀ ਹਾਲਤ ਨੂੰ ਵੀ ਉਸਦੀ ਆਗਿਆ ਹੀ ਸਮਝਨ ਦੀ ਹਿਦਾਇਤ ਵੀ ਹੈ। ਸੋ ਸਮਰਪਨ ਦੀ ਆਦਤ ਪਾਉ। ਅਰਥਾਤ ਅਪਨੇ ਆਪ ਨੂੰ ਦਾਤੇ ਦਾ ਹੀ 'ਲਾਲਾ ਗੋਲਾ' ਸਮਝੋ। ਆਪਨਾ ਆਪ ਕੁਝ ਨ ਸਮਝੋ। ਜੇ ਕਿਸੇ ਦਿਨ ਬੇਰਸੀ ਹੋਵੇ ਤਾਂ ਜ਼ਿਆਦਾ ਖੁਸ਼ ਹੋਵੋ ਤੇ ਕਹੋ ਕਿ 'ਦਾਤਾ ਇਹ ਵੀ ਤੇਰੀ ਹੀ ਦਾਤ ਹੈ' ਅਜ ਇਹ ਵੀ ਸਿਰ ਮਥੇ ਤੇ ਕਬੂਲ ਹੈ।

ਕਰਮ ਗਤਿ ਵਲੋਂ ਨ ਡਰੋ। ਇਸ ਫੁਰਮਾਨ ਨੂੰ ਯਾਦ ਰਖੋ 'ਗੁਰ ਕਾ ਸ਼ਬਦ ਕਾਟੇ ਕੋਟ ਕਰਮ'। 'ਵਾਹਿਗੁਰੂ' ਮੰਤ੍ਰ ਦੇ ਉਚਾਰਨ ਕਰਕੇ ਕਰੋੜਾਂ ਕਰਮ ਜੋ ਭੁਗਤਨੇ ਹੁੰਦੇ ਹਨ ਯਾ ਜਿਨਾਂ ਭੈੜਿਆਂ ਕਰਮਾਂ ਦੀ ਸਜ਼ਾ ਭੋਗਨੀ ਹੁੰਦੀ ਹੈ ਸਭ ਨਸ਼ਟ ਹੋ ਜਾਂਦੇ ਹਨ ਗੁਰਸਿਖ ਜੀਉ। ਸਾਡਾ ਗੁਰੂ ਭਾਰੀ ਹੈ—ਬਲੀ ਹੈ—ਸਾਨੂੰ ਕਾਇਰ ਨਹੀਂ ਰਹਿਨ ਦੇਵੇਗਾ। ਖੰਡਾ ਖੜਕਾਉ ਤੇ ਸਭ ਭਰਮਾਂ ਨੂੰ ਇਕ ਪਾਸੇ ਰਖਕੇ ਉਸ ਦੀ ਬਖਸ਼ਿਸ਼ ਮੰਗੋ, ਸਰਬਤ ਦਾ ਭਲਾ ਮੰਗੋ। ਸਭ ਕੁਝ ਠੀਕ ਹੋਵੇਗਾ। ਅਸੀਂ ਸਾਰੇ ਹੀ ਉਸ ਕੋਲੋਂ ਮੰਗੀਏ। ਉਸਦੇ ਦਰ ਦੇ ਕੂਕਰ ਹਾਂ—



www.AKJ.Org

'ਹਮ ਕੂਕਰ ਤੇਰੇ ਦਰਬਾਰਿ,
ਭਉਕਹਿ ਆਗੈ ਬਦਨੁ ਪਸਾਰਿ।'

ਵੀਰ ਜੀਉ। ਅਸੀਂ ਸਰੀਰਕ ਰੂਪ ਤੇ ਗੁਰੂ ਜੀ ਦੇ ਜਨਮ ਅਸਥਾਨ (ਨਨਕਾਣਾ ਸਾਹਿਬ) ਤੋਂ ਵਿਛੜੇ ਹੋਏ ਹਾਂ ਪਰ ਹਿਰਦੇ ਤੋਂ ਨਹੀਂ। ਸਰੀਰ ਦਾ ਵਿਛੋੜਾ ਕੋਈ ਵਿਛੋੜਾ ਨਹੀਂ-ਆਤਮਕ ਰੂਪ ਤੇ ਨਨਕਾਣਾ ਸਾਹਿਬ ਸਾਡੇ ਅੰਦਰ ਹੈ। ਇਟਾਂ ਅਸੀਂ ਨਹੀਂ ਛਡ ਆਏ। ਅਸੀਂ ਇਟਾਂ ਤੇ ਉਸ ਵਿਚ ਪ੍ਰਵੇਸ਼ ਹੋਈ ਹੋਈ ਗੁਰੂ ਸਾਹਿਬਾਨ ਦੀ ਰੂਹ ਨੂੰ ਨਾਲ ਹੀ ਲੈ ਆਏ ਹਾਂ। ਸਮਝਣ ਵਿਚ ਫ਼ਰਕ ਹੈ। ਗੁਰੂ ਅਸਥਾਨਾਂ ਤੇ ਗੁਰੂ ਜੀ ਦੀ ਰੂਹ ਤੇ ਅਣਡਿਠੀਆਂ ਰੂਹਾਂ ਵੀ ਹੁੰਦੀਆਂ ਹਨ। ਸਾਡਾ ਸਨਬੰਧ ਪਹਿਲੇ ਵਰਗਾ ਹੀ ਹੈ ਵੈਸਾ ਰਹੇਗਾ, ਟੁਟ ਨਹੀਂ ਸਕਦਾ। ਇਹ ਜ਼ਮਾਨੇ ਦਾ ਫੇਰ ਹੈ। ਉਸ ਦਾਤੇ ਦੀ ਆਗਿਆ ਹੈ। ਜੇ ਦਾਤੇ ਨੂੰ ਯਾਦ ਕਰੋ ਤਾਂ ਰੋਜ਼ ਨਨਕਾਣੇ ਸਾਹਿਬ ਦੇ ਦਰਸ਼ਨ ਕਰ ਸਕਦੇ ਹੋ। ਅਸੀਂ ਦੂਰ ਨਹੀਂ, ਨਨਕਾਣਾ ਸਾਹਿਬ ਦੂਰ ਨਹੀਂ। ਮਾਇਕ ਅੱਖਾਂ ਤੋਂ ਦੂਰ ਜ਼ਰੂਰ ਹੈ! ਅੰਦਰਲੀਆਂ ਅੱਖਾਂ ਨਾਲ ਹਰ ਵੇਲੇ ਉਸ ਦੀ ਗੋਦ ਵਿਚ ਤੇ ਨਨਕਾਣੇ ਸਾਹਿਬ ਹੀ ਸਮਝੋ। ਆਪਣੇ ਦਿਲ ਦੀ ਭਾਵਨਾ ਨੂੰ ਜ਼ਿੰਦਾ ਰਖਣਾ ਜ਼ਰੂਰੀ ਹੈ। ਦਸੋ ਕਿ ਦੁਨੀਆਂ ਦੇ ਸਾਰਿਆਂ ਸਿਖਾਂ ਨੇ ਅੰਮ੍ਰਿਤਸਰ ਸ੍ਰੀ ਹਰੀਮੰਦਰ ਸਾਹਿਬ ਦੇ ਦਰਸ਼ਨ ਕੀਤੇ ਹਨ? ਨਹੀਂ, ਐਸਾ ਨਹੀਂ ਹੋ ਸਕਦਾ। ਕੁਝ ਕੁ ਜ਼ਰੂਰ ਹਿੰਦੋਸਤਾਨ ਵਿਚ ਰਹਿੰਦਿਆਂ ਹੋਇਆਂ ਵੀ ਹਾਲਾਤ ਦੇ ਵਸ ਹੋ ਕੇ ਨਹੀਂ ਕਰ ਸਕਦੇ। ਹੁਨ ਕੀ ਅਸੀਂ ਐਸਾ ਸੋਚ ਲਈਏ ਕਿ ਉਹ ਉਸ ਦਾਤੇ ਤੋਂ ਟੁਟੇ ਹੋਇ ਹਨ। ਨਹੀਂ ਐਸਾ ਸੋਚਿਆ ਨਹੀਂ ਜਾ ਸਕਦਾ। ਸਜਨੋ, ਨਨਕਾਣੇ ਸਾਹਿਬ ਦੀ ਯਾਦ ਵਾਲਾ ਦਿਲ ਮੁਬਾਰਕ ਦਿਲ ਹੈ ਤੇ ਉਸ ਅਸਥਾਨ ਦੇ ਦਰਸ਼ਨ ਅੰਦਰਲੀ ਬਿਰਤੀ ਨਾਲ ਕਰੋ। ਅਥਾਹ ਆਨੰਦ ਮਿਲੇਗਾ। ਜ਼ਰਾ ਹੋਰ ਉਚੇ ਉਠੋ, ਹਿਰਦਿਆਂ ਵਿਚ ਉਸਦੀ ਹਰਦਮ ਯਾਦ ਹੀ ਉਸਦੇ ਦਰਸ਼ਨ ਹਨ।

ਪਿਆਰਿਉ! ਗੁਰਦਵਾਰਿਆਂ ਵਿਚ ਹੋ ਰਹੀਆਂ ਕੁਰੀਤੀਆਂ ਦਾ, ਉਹ ਸਿਖ ਜੋ ਕੁਰੀਤੀਆਂ ਕਰਦਾ ਹੈ ਯਾ ਉਹਨਾਂ ਨੂੰ ਕਰਨ ਦੀ ਦਲੇਰੀ ਦੇਂਦਾ ਹੈ, ਪੂਰੀ ਤਰ੍ਹਾਂ ਜ਼ੁਮਾਵਾਰ ਹੈ। ਅਤੇ ਜੋ ਵੀ ਕੁਰੀਤੀਆਂ ਸੁਨਦਾ ਹੈ ਉਹ ਦੁਖੀ ਹੁੰਦਾ ਹੈ। ਠੀਕ ਹੈ ਕਿ ਕੁਰੀਤੀਆਂ ਨੂੰ ਅਸੀਂ ਪੂਰੀ ਤਰ੍ਹਾਂ ਹਟਾ ਵੀ ਨਹੀਂ ਸਕਦੇ। ਇਹੀ ਕਾਰਨ ਹੈ ਕਿ ਸਿਖੀ ਦਾ ਪਾਲਨਾ ਤੇ ਗੁਰਮਤਿ ਤੇ ਚਲਨਾ ਮੁਸ਼ਕਲ ਹੈ। ਕਿਉਂ ਜੋ ਧਰਮ ਅਸਥਾਨਾਂ ਤੇ ਰਹਿੰਦੇ ਹਨ ਤੇ ਸੇਵਾ ਕਰਦੇ ਹਨ ਉਹ ਵੀ ਇਸ ਜ਼ਮਾਨੇ ਦੇ ਅਸਰ ਤੋਂ ਬਾਹਰ ਨਹੀਂ। ਸਾਡੀਆਂ ਕਮਾਈਆਂ ਵੀ ਸ਼ੁਧ ਨਹੀਂ। ਉਹ ਹੀ ਮਾਯਾ ਜੋ ਅਸੀਂ ਗੁਰੂ ਸਾਹਿਬਾਨ ਦੀ ਭੇਟਾ ਕਰਦੇ ਹਾਂ ਜ਼ਿਆਦਾ ਹਦ ਤਕ ਠਗੀ ਤੇ ਧੋਖੇ ਦੀ ਕਮਾਈ ਹੁੰਦੀ ਹੈ। ਜਦ ਤਕ ਅਸੀਂ ਸਾਰੇ ਗੁਰਸਿਖ ਅਪਨੀ ਸ਼ੁਧ ਕਮਾਈ ਗੁਰੂ ਸਾਹਿਬਾਨ ਦੇ ਅਰਪਨ

## ਜ਼ਰੂਰੀ ਬੇਨਤੀ

ਗੁਰਮੁਖ ਪਿਆਰੇ ਕਰਨਲ ਪਿਆਰਾ ਸਿੰਘ ਜੀ ਦੇ ਬਾਰੇ ਜੋ ਸਿੰਘ ਖ਼ਾਸ ਕਰਕੇ ਜੈਪੁਰ (ਰਾਜਸਥਾਨ) ਨਿਵਾਸੀ ਜੀਵਨ ਘਟਨਾਵਾਂ ਤੇ ਗੁਰਸਿੰਘਾਂ ਨਾਲ ਪ੍ਰੇਮ ਬਾਰੇ ਜਾਣਦੇ ਹਨ, ਦਾਸ ਨੂੰ ਲਿਖਣ ਦੀ ਕ੍ਰਿਪਾ ਲਤਾ ਕਰਨ ਕਿਉਂ ਜੋ ਦਾਸ ਉਹਨਾਂ ਦੀ ਜੀਵਨ ਝਾਕੀ ਲਿਖਣਾ ਚਾਹੁੰਦਾ ਹੈ। ਹੋਰ ਜੇ ਕੋਈ ਉਹਨਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਵਲੋਂ ਵੀ ਕੁਝ ਲਿਖ ਕੇ ਭੇਜਣਗੇ, ਉਸ ਦਾ ਵੀ ਦਾਸ ਅਤੀ ਧੰਨਵਾਦੀ ਹੋਵੇਗਾ। ਲਿਖਣ ਵੇਲੇ ਘਟਨਾਵਾਂ ਦਾ ਗੁਰਮਤਿ ਨਾਲ ਸੰਬੰਧ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾਵੇ।

ਦਾਸ-ਪ੍ਰਿੰਸੀਪਲ ਮਿਹਰ ਸਿੰਘ, F/5, ਰੇਸ ਕੋਰਸ,
ਨੇੜੇ ਪੁਲੀਸ ਲਾਈਨ, ਡੇਹਰਾਦੂਨ (ਯੂ. ਪੀ.)


www.AKJ.Org

ਨਹੀਂ ਕਰਾਂਗੇ, ਸਾਡੇ ਗੁਰੂਦੁਆਰਿਆਂ ਤੇ ਧਰਮ ਅਸਥਾਨਾਂ ਵਿਚੋਂ ਕੁਰੀਤੀਆਂ ਨਹੀਂ ਨਿਕਲ ਸਕਦੀਆਂ। ਇਕ ਤਾਂ ਸੇਵਾਦਾਰ ਯਾ ਮੈਨੇਜਰ ਸਾਰੇ ਦੇ ਸਾਰੇ ਨਿਸ਼ਕਾਮ ਸੇਵਾ ਕਰਨ ਵਾਲੇ ਨਹੀਂ ਹੁੰਦੇ ਦੂਜੇ ਸਾਡੀਆਂ ਕਮਾਈਆਂ ਵੀ ਅਸ਼ੁਧ ਹਨ। ਦੋਵੇਂ ਜ਼ਮੇਵਾਰ ਹਨ। ਗੁਰੂ ਆਪ ਹੀ ਇਨ੍ਹਾਂ ਸੇਵਾਦਾਰਾਂ ਨੂੰ ਤੇ ਸਾਨੂੰ ਵੀ ਸੱਮਤ ਬਖਸ਼ੇ। ਸੋ ਇਕ ਸ਼ੁਧ ਹਿਰਦਾ ਇਹ ਵੇਖ ਕੇ ਦੁਖੀ ਜ਼ਰੂਰ ਹੁੰਦਾ ਹੈ। ਗੁਰੂ ਸਾਹਿਬਾਨ ਨੇ ਉਦੋਂ ਹੀ ਤਾਂ ਅਵਤਾਰ ਧਾਰਿਆ ਸੀ ਜਦੋਂ :—

ਸਰਮ ਧਰਮ ਦੋਇ ਛਪ ਖਲੋਤੇ
ਕੂੜ ਫਿਰੇ ਪਰਧਾਨ ਵੇ ਲਾਲੋ।

ਵਾਲੀ ਹਾਲਤ ਵਰਤਮਾਨ ਸੀ। ਵਾਹਿਗੁਰੂ ਆਪ ਹੀ ਇਹਨਾਂ ਕੁਰੀਤੀਆਂ ਦਾ ਇਲਾਜ ਕਰੇ ਸ਼ਰਧਾਵਾਨ ਨੂੰ ਆਪਣੀ ਸ਼ਰਧਾ ਨਹੀਂ ਤੋੜਨੀ ਚਾਹੀਦੀ ਤੇ ਉਹਨਾਂ ਦੀ ਤੇ ਆਪਣੀ ਵੀ ਸ਼ੁਧਤਾ ਲਈ ਅਰਦਾਸ ਕਰਨੀ ਚਾਹੀਦੀ ਹੈ।

ਕਰਮਾਂ ਦਾ ਫਲ 'ਜੋ ਕਰੇਗਾ ਸੋ ਭਰੇਗਾ' ਤਕ ਹੀ ਮਹਿਦੂਦ ਹੈ ਪਰ ਸਮਾਜਕ ਕੁਰੀਤੀਆਂ ਵਿਚ, ਸਾਰਾ ਸਮਾਜ ਹੀ ਭਰੇਗਾ। ਕਿਉਂ ਜੋ ਐਸਾ ਕਰਨ ਵਾਲੇ ਸਮਾਜ ਦੇ ਨੁਮਾਇੰਦੇ ਹੁੰਦੇ ਹਨ। ਇਸ ਲਈ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਗੁਰਦਵਾਰਿਆਂ ਦੇ ਸੇਵਾਦਾਰ/ਮੈਨੇਜਰ ਐਸੇ ਚੁਣੀਏ, ਜੋ ਨਿਸ਼ਕਾਮ ਸੇਵਾ ਕਰਨ ਵਾਲੇ ਹੋਣ, ਬੇਸ਼ਕ ਗ਼ਰੀਬ ਹੀ ਹੋਣ। ਪਰ ਅਜ ਕਲ ਦੁਨੀਆਂ ਇਜ਼ਤ ਤੇ ਭਲਮਾਨਸੀ ਨੂੰ ਪੈਸੇ ਨਾਲ ਤੋਲਦੀ ਹੈ। ਆਮ ਤੌਰ ਤੇ ਜਿਸ ਕੋਲ ਚਾਰ ਪੈਸੇ ਹੋਣ ਉਹ ਹੀ ਇਜ਼ਤਦਾਰ ਤੇ ਈਮਾਨਦਾਰ ਸਮਝਿਆ ਜਾਂਦਾ ਹੈ। ਸਾਡਾ ਸਮਾਜ ਇਤਨਾ ਕਮਜ਼ੋਰ ਹੋ ਚੁਕਾ ਹੈ ਕਿ ਅਸੀਂ ਅਮੀਰ ਦੇ ਵਿਰੁਧ ਆਵਾਜ਼ ਉਠਾ ਹੀ ਨਹੀਂ ਸਕਦੇ। ਸੋ ਅਸੀਂ ਆਪ ਵੀ ਇਹਨਾਂ ਕੁਰੀਤੀਆਂ ਦੇ ਜ਼ਿਮੇਂਵਾਰ ਹਾਂ। ਜਿਥੇ ਬਹੁਤ ਹਦ ਤਕ 'ਜੋ ਕਰੇਗਾ, ਸੋ ਭਰੇਗਾ' ਤਕ ਹੀ ਮਹਿਦੂਦ ਹੈ ਉਥੇ ਨਾਲ ਹੀ ਨਾਲ ਸਮਾਜ ਨੂੰ ਵੀ ਕੁਰੀਤੀਆਂ ਦੀ ਸਜ਼ਾ ਭੁਗਤਨੀ ਪੈਂਦੀ ਹੈ। ਸਾਰਾ ਸਮਾਜ ਬਦਨਾਮ ਹੋ ਜਾਂਦਾ ਹੈ। ਦੂਜੇ ਸਾਡੇ ਇਕ ਦੀ ਕੁਰੀਤੀ ਸਾਰੇ ਸਮਾਜ ਤੇ ਥਪਦੇ ਹਨ।

ਸਿਖ ਹਿਰਦੇ ਦਾ ਫ਼ਰਜ਼ ਹੈ ਕਿ ਅਪਨੇ ਉਚੇ ਜੀਵਨ ਨਾਲ ਸਮਾਜ ਨੂੰ ਉਚਾ ਕਰੇ, ਤੇ ਫਿਰ ਉਚੇ ਜੀਵਨ ਵਾਲਿਆਂ ਨੂੰ ਗੁਰਧਾਮਾਂ ਦੀ ਸੇਵਾ ਤੇ ਨਯੁਕਤ ਕਰੇ। ਐਸਾ ਕਰਨ ਲਈ ਇਖ਼ਲਾਕੀ ਜੁਰਅਤ ਦੀ ਜ਼ਰੂਰਤ ਹੈ। ਹਰੇਕ ਸਿਖ ਦਾ ਫਰਜ਼ ਹੈ ਕਿ ਅਪਨੇ ਅਪਨਤ ਨੂੰ ਸੁਧਾਰੇ ਤਾਂ ਹੀ ਸਾਰਾ ਸਮਾਜ ਸੁਧਾਰ ਹੋ ਸਕਦਾ ਹੈ। ਸਾਡੇ ਵਿਚ ਪਰਚਾਰ ਦੀ ਤੇ ਉਚੇ ਜੀਵਨ ਵਾਲਿਆਂ ਦੀ ਕਮੀ ਪੈ ਗਈ ਹੈ ਜਿਸ ਵਾਸਤੇ ਇਹ ਸਾਰੀਆਂ ਔਕੜਾਂ ਆ ਰਹੀਆਂ ਹਨ ਇਸ ਦਾ ਇਲਾਜ (long term policy) ਵਾਲਾ ਇਹ ਹੈ। ਕਿ ਅਸੀਂ ਅਪਨੇ ਬਚਿਆਂ ਨੂੰ ਗੁਰਮੁਖੀ ਪੜ੍ਹਾਈਏ ਗੁਰਬਾਣੀ ਵਲ ਲਾਈਏ ਤੇ ਸਿਖੀ ਤੋਂ ਦੂਰ ਨ ਹੋਣ ਦਈਏ।

ਵੀਰ ਜੀਉ, ਆਪਣੀ ਤੁਛ ਬੁਧੀ ਅਨੁਸਾਰ ਬੇਨਤੀ ਕਰ ਦਿਤੀ ਹੈ ਭੁਲ ਚੁਕ ਦੀ ਖਿਮਾ ਬਖਸ਼ਣਾ।

ਦਾਸਰਾ
ਪ੍ਰਿੰਸੀਪਲ ਮਿਹਰ ਸਿੰਘ ਡੇਹਰਾਦੂਨ

—o—

## ਦਸੂਹਾ ਵਿਖੇ ਅਖੰਡ ਕੀਰਤਨ ਸਮਾਗਮ

26, 27, 28 ਜੂਨ 1970 ਨੂੰ ਭਾ: ਮਹਿੰਦਰ ਸਿੰਘ ਜੀ (ਕੀਰਤਨੀ ਪਟਿਆਲਾ) ਦੇ ਗ੍ਰਿਹ ਦਸੂਹਾ ਵਿਖੇ ਅਖੰਡ ਪਾਠ ਤੇ ਅਖੰਡ ਕੀਰਤਨ ਹੋ ਰਹੇ ਹਨ। ਸਰਬ ਸੰਗਤਾਂ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ ਜੀ।

ਦਾਸਰਾ—ਮਹਿੰਦਰ ਸਿੰਘ, ਜੁਗਿੰਦਰ ਸਿੰਘ,
ਮਕਾਨ ਨੰ: 99, ਵਾਰਡ ਨੰ: 8, ਦਸੂਹਾ, ਜ਼ਿਲਾ ਹੁਸ਼ਿਆਰਪੁਰ।



www.AKJ.Org

# ਆਨੰਦ ਸਾਹਿਬ ਦੀ ਮਹਾਨਤਾ

(ਵਲੋਂ—ਪ੍ਰੋ: ਮੇਵਾ ਸਿੰਘ ਜੀ, ਤੁੰਗ)

ਆਨੰਦ ਸਾਹਿਬ ਤੀਜੇ ਸਤਿਗੁਰੂ ਅਮਰਦਾਸ ਦੀ ਸਰਵਪ੍ਰਿਯ ਅਤੇ ਸਰਵ ਪ੍ਰਸਿੱਧ ਬਾਣੀ ਹੈ। ਇਸ ਵਿੱਚ ਉਹਨਾਂ ਨੇ ਆਪਣੇ ਜੀਵਨ ਭਰ ਦੇ ਇਕੱਤਰ ਕੀਤੇ ਅਤੇ ਪਕੇਰੀ ਭਾਂਤ ਦੇ ਜੀਵਨ ਅਨੁਭਵ ਚੋਂ ਉਪਜੇ ਵਿਸਮਾਦੀ ਆਨੰਦ ਦਾ ਗਾਇਨ ਕੀਤਾ ਹੈ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਅਮਰ ਦਾਸ ਦੀ ਇਹ ਰਚਨਾ ਮਨੁਖ ਲਈ ਪਥ ਪ੍ਰਦਰਸ਼ਕ ਹੈ ਅਤੇ ਆਪਣੇ ਰਚਨਕਾਲ ਤੋਂ ਲੈ ਕੇ ਅਜ ਤਕ ਜਗਿਆਸੂ ਇਸ ਚੋਂ ਆਤਮਿਕ ਆਨੰਦ ਅਤੇ ਹੁਲਾਸ ਪ੍ਰਾਪਤੀ ਤੋਂ ਛੁਟ ਅਧਿਆਤਮਿਕ ਮਾਰਗ ਦੇ ਬਿਖਮ ਪੰਧ ਲਈ ਅਗਵਾਈ ਵੀ ਪ੍ਰਾਪਤ ਕਰਦੇ ਆ ਰਹੇ ਹਨ।

ਆਨੰਦ ਸਾਹਿਬ ਦੀ ਸਾਹਿੱਤਕ ਅਤੇ ਅਧਿਆਤਮਿਕ ਮਹਾਨਤਾ ਵੀ ਢੇਰ ਸਾਰੀ ਹੈ। ਇਹ ਅਜਿਹੀ ਰਚਨਾ ਹੈ ਜੋ ਸਾਹਿੱਤ, ਸਮਾਜ ਅਤੇ ਸਾਹਿੱਤਕਾਰ ਦੇ ਸੰਬੰਧਾਂ ਅਤੇ ਅੰਤਰ ਸੰਬੰਧਾਂ ਨੂੰ ਭਲੇਰੀ ਭਾਂਤ ਦਰਸਾਂਦੀ ਹੈ। ਉੱਤਮ ਕਲਾ ਜਾਂ ਕਾਵਿ ਦਾ ਇਕ ਪ੍ਰਮੁਖ ਗੁਣ ਇਹ ਵੀ ਹੁੰਦਾ ਹੈ ਕਿ ਉਹ ਅਜਿਹੇ ਕਲਾਤਮਿਕ ਅਤੇ ਵੱਸਤੂਗਤ ਸੰਜੋਗ ਦੀ ਧਾਰਨੀ ਹੋਵੇ। ਆਨੰਦ ਸਾਹਿਬ ਵਿਚ ਅਜਿਹਾ ਸੰਜੋਗ ਪ੍ਰਾਪਤ ਹੈ ਜੋ ਇਕ ਕਾਵਿ ਕ੍ਰਿਤ ਦੇ ਤੌਰ ਤੇ ਇਸਨੂੰ ਉਤਕ੍ਰਿਸ਼ਟ ਭਾਂਤ ਦੀ ਕ੍ਰਿਤ ਜਾਪਦਾ ਹੈ।

ਜੇ ਅਸੀਂ ਇਸ ਰਚਨਾ ਨੂੰ ਇਤਿਹਾਸ ਦੀ ਰੌਸ਼ਨੀ ਵਿਚ ਵਿਚਾਰੀਏ ਤਾਂ ਉਪਰ ਦਰਸਾਏ ਅਸਾਡੇ ਮੱਤ ਦੀ ਹੋਰ ਵੀ ਪੁਸ਼ਟੀ ਹੋ ਜਾਵੇਗੀ। ਇਹ ਗੱਲ ਸਪਸ਼ਟ ਹੈ ਅਤੇ ਇਸ ਦੇ ਇਤਿਹਾਸਕ ਪ੍ਰਮਾਣ ਵੀ ਮੌਜੂਦ ਹਨ ਕਿ ਗੁਰੂ ਘਰ ਨਾਲ ਸਬੰਧ ਜੁੜਨ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਸ਼ੈਵੀ ਅਤੇ ਕਈ ਹੋਰ ਮੱਤਾਂ ਦੇ ਅਨੁਸਾਰੀ ਸਨ ਅਤੇ ਉਨ੍ਹਾਂ ਦੇ ਅਸਰ ਥੱਲੇ ਹੀ ਉਹ ਦੇਵੀ ਦੇ ਪੁਜਾਰੀ ਸਨ। ਪਰ ਬਾਵਜੂਦ ਇਸਦੇ ਵੀ ਉਨ੍ਹਾਂ ਨੂੰ ਸੱਚੇ ਗੁਰੂ ਦੀ ਪ੍ਰਾਪਤੀ ਨਾ ਹੋਈ ਅਤੇ ਫਲ ਸਰੂਪ ਉਹ ਆਤਮਿਕ ਸ਼ਾਂਤੀ ਅਤੇ ਜਗਿਆਸੂਆਂ ਵਾਲੇ ਟਿਕਾਅ ਅਤੇ ਸਹਿਜ ਤੋਂ ਸਾਰੀ ਉਮਰ ਵਾਂਝੇ ਰਹੇ। ਇਕ ਸੁਹਿਰਦ ਜਗਿਆਸੂ ਜਿਸ ਨੇ ਪੂਰੀ ਤਨਦੇਹੀ ਨਾਲ ਗੁਰੂ ਦੀ ਭਾਲ ਕੀਤੀ ਹੋਵੇ ਅਤੇ ਫੇਰ ਵੀ ਉਸਨੂੰ ਕੋਈ ਰਾਹ ਦਸੇਰਾ ਨਾਂ ਮਿਲ ਸਕਿਆ ਹੋਵੇ ਉਸਦੀ ਪੀੜ, ਬਿਰਹਾ, ਬੇਚੈਨੀ ਦਾ ਕੇਵਲ ਕਿਆਸ ਹੀ ਕੀਤਾ ਜਾ ਸਕਦਾ ਹੈ ਅਤੇ ਫੇਰ ਅਚਾਨਿਕ ਹੀ ਅਜਿਹੇ ਭੁੱਲੇ ਭਟਕੇ ਰਾਹੀ ਨੂੰ ਕੋਈ ਚਾਨਣ ਕਿਰਨ ਦਿੱਸ ਪਈ ਹੋਵੇ। ਉਸਨੂੰ ਸਚ ਧਰਮ ਦੇ ਮਾਰਗ ਦੀ ਪਛਾਣ ਹੋ ਜਾਵੇ। ਇਸਤੋਂ ਕਮਾਲ ਇਹ ਕਿ ਇਸ ਮਾਰਗ ਤੇ ਟੋਰਨ ਤੇ ਬਿਲਕੁਲ ਸੁਰੱਖਿਅਤ ਰੂਪ ਵਿੱਚ ਤੋਰਕੇ ਅੱਗੇ ਲੈ ਜਾਣ ਵਾਲਾ ਗੁਰੂ ਮਿਲ ਜਾਵੇ। ਉਹ ਸ਼ਖਸ਼ ਸਤਿਗੁਰੂ ਪਾ ਲਵੇ ਤਾਂ ਉਸ ਦਾ ਵਿਸਮਾਦ ਅਤੇ ਆਨੰਦ ਹੋਰ ਵੀ ਅਕਥ ਹੁੰਦਾ ਹੈ। ਵਿਸਮਾਦ ਦਾ ਇਹ ਰਹਸ ਸਾਧਾਰਣ ਪ੍ਰਾਣੀ ਲਈ ਬਿਆਨ ਕਰਨਾ ਔਖਾ ਹੈ। ਆਨੰਦ ਸਾਹਿਬ ਅਜਿਹਾ ਵਿਸਮਾਦ ਹੈ ਜੋ ਕਿਸੇ ਮਹਾਂ ਸ਼ਾਂਤਿ ਸਹਿਜ ਅੱਵਸਥਾ ਦੀ ਆਵੇਸ਼ਮਈ ਘੜੀ ਵਿਚੋਂ ਬਿਆਨ ਪਾ ਗਿਆ ਹੈ। ਆਨੰਦ ਸਾਹਿਬ ਦੀ ਹਰ ਭਾਵ-ਸਤਰ ਇਸੇ ਗੱਲ ਦੀ ਸੂਚਨਾ ਦੇਂਦੀ ਹੈ।

ਅਨੰਦ ਭਇਆ ਮੇਰੀ ਮਾਏ
ਸਤਿਗੁਰੂ ਮੈ ਪਾਇਆ।



www.AKJ.Org

ਸਤਿਗੁਰ ਤ ਪਾਇਆ ਸਹਜ ਸੇਤੀ
ਮਨਿ ਵਜੀਆ ਵਧਾਈਆ ।
ਰਾਗ ਰਤਨ ਪਰਵਾਰ ਪਰੀਆ
ਸਬਦ ਗਾਵਣ ਆਈਆ ।
ਸਬਦੋ ਤ ਗਾਵਹੁ ਹਰੀ ਕੇਰਾ
ਮਨਿ ਜਿਨੀ ਵਸਾਇਆ ।
ਕਹੈ ਨਾਨਕੁ ਅਨੰਦੁ ਹੋਆ
ਸਤਿਗੁਰੂ ਮੈ ਪਾਇਆ ।

ਪ੍ਰਸ਼ਨ ਉਠਦਾ ਹੈ ਕਿ ਇਹ ਆਨੰਦ ਹੈ ਕੀ ? ਇਹ ਵਿਸਮਾਦ ਜੋ ਮਨੁਖ ਦੀ ਆਤਮਾ ਨੂੰ ਹੀ ਨਹੀਂ ਸਗੋਂ ਉਸਦੀ ਸਾਰੀ ਪ੍ਰਕ੍ਰਿਤੀ ਨੂੰ ਹੀ ਝੂੰਮਣ ਲਾ ਦੇਂਦਾ ਹੈ । ਜਿਸਦੇ ਇਕ ਝਲਕਾਰੇ ਨਾਲ ਰੂਹ ਤੇ ਜਿਸਮ ਇਕ ਰਸ ਕ੍ਰਿਤ ਸੰਗੀਤ ਹੋ ਵਹਿ ਜਾਂਦੇ ਹਨ । ਜਿਸ ਚੋਂ ਗੂੰਜਿਆ ਤਾਲ ਸਾਰੀ ਹਯਾਤੀ ਨੂੰ ਝਨਕਾਰ ਜਾਂਦਾ ਹੈ, ਉਸ ਆਨੰਦ ਦਾ ਆਪਣਾ ਸਰੂਪ ਕੀ ਹੈ ? ਸਾਧਾਰਣ ਬੁਧ ਇਨਸਾਨ ਲਈ ਇਸਦਾ ਉਤਰ ਦੇ ਸਕਣਾ ਅਸੰਭਵ ਹੈ । ਨਾਂ ਹੀ ਇਹ ਕਿਸੇ ਅਨੁਭਵ ਦੀ ਸਚਾਈ ਤੋਂ ਸੱਖਣੇ ਬੁਧ ਜੀਵੀ ਦੀ ਸਮਰੱਥਾ ਹੈ । ਇਸ ਦਾ ਜਵਾਬ ਤਾਂ ਕੋਈ ਧੁਰ ਪਹੁੰਚੀ ਆਤਮਾ ਜਿਸ ਨੂੰ ਪਰਮ ਸਤਿ ਵਾਹਿਗੁਰੂ ਦੀ ਅਗੇ ਸਾਂਤ ਅਵਸਥਾ, ਜਿਸ ਨੂੰ ਉਪਨਿਸ਼ਦਾਂ ਦੇ ਰਿਸ਼ੀਆਂ ਨੇ ਉਪਨਿਸ਼ਦਾਂ ਵਿਚ ਅਤੇ ਸਤਿਗੁਰੂ ਨਾਨਕ ਦੇਵ ਨੇ ੧ਓ ਦੇ ਅਤਿ ਸੂਖਮ ਤੇ ਸੰਖੇਪ ਸੂਤ੍ਰ ਵਿਚ ਬੰਦਿਆਂ ਤੇ ਤੀਬਰ ਇਹਸਾਸ ਵਾਲਾ ਮਨੁਖ ਹੀ ਦੇ ਸਕਦਾ ਹੈ . ਇਹ ਇਹਸਾਸ ਗੁਰੂ ਅਮਰਦਾਸ ਕੋਲ ਸੀ, ਤਾਂ ਹੀ ਤਾਂ ਉਹ ਇਸ ਆਨੰਦ ਦਾ ਸਰੂਪ ਨਿਰਧਾਰਿਤ ਕਰ ਸਕੇ ਹਨ ।

ਆਨੰਦੁ ਆਨੰਦੁ ਸਭੁ ਕੋ ਕਹੈ
ਆਨੰਦੁ ਗੁਰੂ ਤੇ ਜਾਣਿਆ ।
ਜਾਣਿਆ ਆਨੰਦੁ ਸਦਾ ਗੁਰ ਤੇ
ਕ੍ਰਿਪਾ ਕਰੇ ਪਿਆਰਿਆ ।
ਕਰਿ ਕਿਰਪਾ ਕਿਲਵਿਖ ਕਟੇ
ਗਿਆਨ ਅੰਜਨੁ ਸਾਰਿਆ ।

ਅੰਦਰਹੁ ਜਿਨਕਾ ਮੋਹੁ ਤੁਟਾ
ਤਿਨਕਾ ਸਬਦੁ ਸਚੈ ਸਵਾਰਿਆ ।
ਕਹੈ ਨਾਨਕੁ ਇਹੁ ਆਨੰਦੁ ਹੈ
ਆਨੰਦੁ ਗੁਰ ਤੇ ਜਾਣਿਆ ।

ਸਤਿਗੁਰੂ ਹੀ ਪੂਰਨ ਗਿਆਨ ਦਾਤਾ ਹੈ । ਸਤਿਗੁਰੂ ਦੀ ਮਹਿਮਾ ਵੇਦਾਂ ਉਪਨਿਸ਼ਦਾਂ ਵਿਚ ਵੀ ਕੀਤੀ ਗਈ ਹੈ । ਗੁਰਬਾਣੀ ਦਰਸ਼ਨ ਦਾ ਤਾਂ ਇਹ ਇਕ ਵਿਸ਼ੇਸ਼ ਅੰਗ ਹੈ । ਉਪਨਿਸ਼ਦ ਦਰਸ਼ਨ ਵਿਚ ਕਈ ਥਾਈਂ ਸਤਿਗੁਰੂ ਦੇ ਲੱਛਣ ਦਸੇ ਗਏ ਹਨ । ਉਹ ਕਹਿੰਦੇ ਹਨ, ਆਚਾਰੀਆ ਉਹ ਹੈ ਜੋ ਸਿੱਖਿਆ ਦੇਵੇ । ਗੁਰੂ ਦਾ ਕੰਮ ਹਦਾਇਤ ਦੇਣੀ ਹੈ ਪਰ ਸੱਚਾ ਸਤਿਗੁਰੂ ਉਹ ਹੈ ਜੋ ਮਨੁਖ ਨੂੰ ਉਸ ਦੀ ਮੁਕਤੀ ਵੱਲ ਲਜਾਵੇ । ਸਿਖ ਧਰਮ ਵਿਚ ਤਾਂ ਸਭ ਕੁਝ ਹੈ ਹੀ ਸਤਿਗੁਰੂ । ਇਸ ਲਈ ਗੁਰਬਾਣੀ ਵਿਚ ਥਾਂ ਥਾਂ ਸਤਿਗੁਰੂ ਦੀ ਲੋੜ ਯੋਗਤਾ, ਵਡਿਆਈ ਦੱਸਕੇ ਉਸਦੀ ਮਹਿਮਾ ਗਾਈ ਹੈ । ਸਤਿਗੁਰੂ ਦੀ ਮਿਹਰ ਨਾਲ ਸਭ ਕਿਲਵਿਖ ਦੁੱਖ ਕਟੇ ਜਾਂਦੇ ਹਨ । ਉਸਦੀ ਮਿਹਰ ਨਾਲ ਸਭ ਇੱਛਾ ਪੂਰਨ ਹੋ ਜਾਂਦੀ ਹੈ । 'ਸਤਿਗੁਰੂ ਹੋਏ ਦਇਆਲ ਤਾ ਸਰਧਾ ਪੂਰੀਏ । ਜੋ ਸਤਿਗੁਰੂ ਦੇ ਲੜ ਲੱਗ ਜਾਂਦੇ ਹਨ ਉਨ੍ਹਾਂ ਨੂੰ ਜਮ ਮੌਤ ਕਿਸੇ ਗੱਲ ਦਾ ਫਿਕਰ ਨਹੀਂ ਰਹਿੰਦਾ । ਇਸੇ ਲਈ ਉਹ ਨਿਰਭੈ ਹੋਕੇ ਵਿਚਰਦੇ ਹਨ । ਆਨੰਦ ਸਾਹਿਬ ਵਿੱਚ ਬਹੁਤੀ ਥਾਂਈ ਐਸੇ ਸਤਿਗੁਰੂ ਦਾ ਜ਼ਿਕਰ ਆਇਆ । ਉਸਦੀ ਵਡਿਆਈ ਅਤੇ ਗੁਣ ਗਾਇਨ ਉਪਰੰਤ ਸਿੱਖ ਨੂੰ ਸਭ ਕੁਝ ਅਰਪਿਤ ਕਰਕੇ ਸਤਿਗੁਰੂ ਦੇ ਹੁਕਮ ਅੰਦਰ ਚੱਲਣ ਦੀ ਤਲਕੀਨ ਕੀਤੀ ਗਈ ਹੈ ।

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ ।
ਹੁਕਮੁ ਮੰਨਿਹੁ ਗੁਰੂ ਕੇਰਾ
ਗਾਵਹੁ ਸਚੀ ਬਾਣੀ ।
ਕਹੈ ਨਾਨਕੁ ਸੁਣਹੁ ਸੰਤਹੁ
ਕਥਿਹੁ ਅਕਥ ਕਹਾਣੀ ।


www.AKJ.Org

ਸਿੱਖ ਧਰਮ ਦੀ ਇੱਕ ਸਰਵ ਉੱਤਮ ਵਡਿਆਈ ਹੈ ਜੋ ਉਸਨੂੰ ਵਿਸ਼ਵ ਦੀ ਵਧੇਰੇ ਆਧੁਨਿਕ ਤੇ ਉੱਤਮ ਧਰਮ ਥਾਪਦੀ ਹੈ, ਉਹ ਹੈ ਵਾਹਿਗੁਰੂ ਦੀ ਏਕਤਾ ਅਤੇ ਸਰਬੱਗਤਾ। ਸ੍ਰਿਸ਼ਟੀ ਦਾ ਹਰ ਕਾਰਜ ਸਿੱਖ ਵਾਹਿਗੁਰੂ ਦੇ ਹੁਕਮ ਵਿਚ ਹੋ ਰਿਹਾ ਸਮਝਦਾ ਹੈ ; ਇਸ ਲਈ ਸਿੱਖ ਪੁਰਾਣਿ ਤੇ ਅਰਥ ਪੁਰਾਣਿਕ ਵਿਚਾਰ ਧਾਰਾ ਤੇ ਵਿਸ਼ਵਾਸ ਜਿਨ੍ਹਾਂ ਵਿੱਚ ਅਨੇਕ ਭਾਂਤਿ ਦੇ ਦੇਵੀ ਦੇਵਤੇ ਅਤੇ ਸ਼ਕਤੀ ਚਿੰਨ੍ਹਾਂ ਨੂੰ ਵਿਸ਼ਵ ਕਾਰਜ ਦੇ ਕਰਤਾ ਤੇ ਸੰਚਾਲਿਕ ਮੰਨਿਆਂ ਗਿਆ ਹੈ ਦਾ ਵਿਰੋਧ ਕਰਦਾ ਹੈ। ਆਨੰਦ ਦੇ ਕਰਤਾਰ ਨੇ ਸ਼ਿਵ ਸ਼ਕਤੀ ਦੀ ਕੋਈ ਹੋਂਦ ਜਾਂ ਸ਼ਕਤੀ ਪ੍ਰਵਾਨ ਨਹੀਂ ਕੀਤੀ। ਇਹ ਸਭ ਪਾਰਬ੍ਰਹੱਮ ਦੀ ਉਪਜ ਹੈ ਜੋ ਪੂਰਣ ਭਾਂਤਿ ਉਸਦੇ ਹੁਕਮ ਵਿੱਚ ਹਨ।

ਸਿਵ ਸਕਤਿ ਆਪਿ ਉਪਾਇਕੈ
ਕਰਤਾ ਆਪੇ ਹੁਕਮੁ ਵਰਤਾਏ।

ਵਾਹਿਗੁਰੂ ਤੇ ਮਾਇਆ ਵਿੱਚ ਸਾਤਿਵਿਕ ਤੱਥਾਂ ਵਜੋਂ ਕੋਈ ਭੇਦ ਨਹੀਂ। ਇਹ ਭੇਦ ਜਾਂ ਭਰਮ ਤਾਂ ਉਦੋਂ ਉਪਜਦਾ ਹੈ ਜਦੋਂ ਕੋਈ ਮਾਇਆਵਾਦੀ ਜੱਗਤ ਦੀ ਵਾਹਿਗੁਰੂ ਤੋਂ ਵੱਖਰੀ ਹੋਂਦ ਮੰਨ ਕੇ ਉਸਦੀ ਅਸਲੀਯਤ ਪ੍ਰਵਾਨ ਕਰ ਲੈਂਦਾ ਹੈ ਵਰਨਾਂ ਤਾਂ ਵਾਹਿਗੁਰੂ ਜਾਂ ਬ੍ਰਹਮ ਦੀ ਪਛਾਣ ਮਾਇਆ ਦੁਆਰਾ ਹੀ ਹੁੰਦੀ ਹੈ। ਅਦਵੈਤਵਾਦੀ ਦਰਸ਼ਨ ਨੇ ਵੀ ਇਸਦੀ ਹਮਾਇਤ ਕੀਤੀ ਸੀ। ਗੁਰਬਾਣੀ ਇਸਦੀ ਕੋਈ ਖਾਸ ਵਿਰੋਧ ਨਹੀਂ ਕਰਦੀ ਸਿਵਾਏ ਇਸਦੇ ਕਿ ਉਹ ਇਸ ਪਛਾਣ ਲਈ ਸਤਿਗੁਰੂ ਦੀ ਕਿਰਪਾ ਅਵਸ਼ ਸਮਝਦੀ ਹੈ। ਗੁਰੂ ਅਮਰ ਦਾਸ ਨੇ ਵਾਹਿਗੁਰੂ ਦੀ ਅਜਿਹੀ ਪ੍ਰਤੀਤੀ ਦਾ ਵਰਣਨ ਆਨੰਦ ਵਿਚ ਕੀਤਾ ਹੈ।

ਪਰ ਵਾਹਿਗੁਰੂ ਜਾਂ ਪਰਮ ਸਤਿ ਬ੍ਰਹਮ ਦੀ ਅਜਿਹੀ ਪ੍ਰਤੀਤੀ ਸਹਿਜ ਬਿਨ ਨਹੀਂ ਹੋ ਸਕਦੀ। ਇਹ ਸਹਿਜ ਸਮਾਧਿ ਹੀ ਹੈ। ਕਿਉਂਕਿ ਸਹਿਜ ਹੀਣੇ ਮਨ ਦੀ ਤਾਂ ਸਹਿਸਾ ਹੀ ਨਹੀਂ ਜਾਂਦੀ ਤੇ ਸਹਿਸੇ ਨਾਲ ਮਨ ਮਲੀਨ ਰਹਿੰਦਾ ਹੈ। ਮਲੀਨ ਮਨ ਵਿਚ ਆਸ਼ਾਂਤ ਵਾਹਿਗੁਰੂ ਦਾ ਨਿਵਾਸ ਕਿਵੇਂ ਹੋ ਸਕਦਾ ਹੈ, ਤੇ ਨਾਂ ਹੀ ਇਹ ਸਹਿਜ ਕੇਵਲ ਗਲਾਂ ਤੇ ਕਰਮਾਂ ਦੁਆਰਾ ਹੀ ਉਪਜ ਸਕਦਾ ਹੈ। ਇਸ ਸਹਿਜ ਦੀ ਪ੍ਰਾਪਤੀ ਲਈ ਉਹਨਾਂ ਫੇਰ ਸ਼ਬਦ ਬ੍ਰਹਮ ਦੇ ਸਿਧਾਂਤ ਨੂੰ ਦੁਹਰਾਇਆ ਹੈ ਅਤੇ ਸ਼ਬਦ ਨਾਲ ਮਨ ਨੂੰ ਪਵਿਤ੍ਰ ਕਰਨ ਦੀ ਵਿਧੀ ਦਸ ਕੇ ਇਸ ਨੂੰ ਦ੍ਰਿੜ ਕੀਤਾ ਹੈ।

ਮੰਨੁ ਧੋਵਹੁ ਸਬਦਿ ਲਾਗਹੁ
ਹਰਿ ਸਿਉ ਰਹਹੁ ਚਿਤੁ ਲਾਇ।
ਕਹੈ ਨਾਨਕੁ ਗੁਰ ਪਰਸਾਦੀ ਸਹਜ ਉਪਜੈ
ਇਹੁ ਸਹਸਾ ਇਵ ਜਾਇ।

ਇਸ ਤਰ੍ਹਾਂ ਹੀ ਹੋਰ ਬਹੁਤੀ ਥਾਂਈ ਫੋਕੀ ਮਾਨਮਤੀ ਵਿਚਾਰਧਾਰਾ ਵੰਡ ਕਰਕੇ ਗੁਰਮਤਿ ਦੇ ਅਸੂਲਾਂ ਨੂੰ ਹੀ ਦ੍ਰਿੜ੍ਹ ਕਰਾਇਆ ਹੈ ਵਿਸ਼ਵ ਉਤਪਤੀ ਸੰਬੰਧੀ ਉਪਨਿਸ਼ਧੀ ਵਿਚਾਰਧਾਰਾ ਜੋ ਨਾਦ ਬਿੰਦੂ ਪੌਣ ਸੰਬੰਧਤ ਹੈ ਦਾ ਖੰਡਨ ਕਰਕੇ ਇਸ ਪਿਛੇ ਕੇਵਲ ਇਕ ਵਾਹਿਗੁਰੂ ਦਾ ਸਤਿ ਸਰੂਪ ਹੀ ਪ੍ਰਵਾਨ ਕੀਤਾ ਹੈ।

ਇਸ ਅਮਰ ਦਾ ਪਹਿਲਾਂ ਵੀ ਜ਼ਿਕਰ ਹੋ ਚੁਕਾ ਹੈ ਕਿ ਆਨੰਦ ਬਾਣੀ ਕਵੀ, ਕਿਰਤਮ ਤੇ ਸਮਾਜ ਦੇ ਆਪਸੀ ਰਿਸ਼ਤੇ ਨੂੰ ਬੜੇ ਸਟੀਕ ਪੱਧਰ ਤੇ ਪੇਸ਼ ਕਰਦੀ ਹੈ। ਆਨੰਦ ਦਾ ਸੰਬੰਧ ਉਸਦੇ ਕਰਤਾ ਨਾਲ ਵਿਚਾਰਿਆ ਜਾ ਚੁਕਾ ਹੈ। ਏਥੇ ਇਸ ਵਿਚ ਪ੍ਰਾਪਤ ਸਾਮਾਜਿਕ ਅਭੀ ਵਿਅਕਤੀ ਦਾ ਸੰਖੇਪ ਉਲੇਖ ਜ਼ਰੂਰੀ ਹੈ। ਇਹ ਗਲ ਸਪਸ਼ਟ ਹੈ ਕਿ ਗੁਰੂ ਗੱਦੀ ਦੇ ਅਰੰਭ ਵਿਚ ਹੀ ਇਸਦੇ ਦੋਖੀ ਪੈਦਾ ਹੋ ਚੁਕੇ ਸਨ। ਇਸ ਵਿਰੋਧ ਦਾ ਅਰੰਭ ਗੁਰੂ ਨਾਨਕ ਦੇਵ ਦੇ ਸਪੁਤਰ ਬਾਬਾ ਸ੍ਰੀ ਚੰਦ ਨੇ ਸ਼ੁਰੂ ਕੀਤਾ। ਜੋ ਬਹੁਤ ਦੇਰ ਤਕ ਇਕ ਮੁਤਵਾਜ਼ੀ ਸੰਸਥਾ ਦੇ ਰੂਪ ਵਿਚ ਚਲਦਾ ਰਿਹਾ। ਗੁਰਗਦੀ ਦੇ ਸਾਰੇ ਮਾਲਕ ਲੋਕਾਂ ਨੂੰ ਆਪਣੀ ਬਾਣੀ ਦੁਆਰਾ ਹੀ ਖਿੱਚ ਪਾ ਰਹੇ ਸਨ। ਵਿਰੋਧੀਆਂ ਨੇ ਇਸਦਾ ਤੋੜ ਇਸ ਵਿੱਚ ਲੱਭਿਆ ਕਿ ਉਨ੍ਹਾਂ ਵੀ


www.AKJ.Org

ਬਾਣੀ ਰਚਕੇ ਪ੍ਰਚਲਿਤ ਕਰਨ ਦੇ ਯਤਨ ਸ਼ੁਰੂ ਕਰ ਦਿੱਤੇ। ਕੁਝ ਲੋਕਾਂ ਤੇ ਉਸ ਕੱਚੀ ਬਾਣੀ ਦਾ ਅਸਰ ਵੀ ਹੋਇਆ। ਗੁਰੂ ਅਮਰਦਾਸ ਨੇ ਆਪਣੇ ਨਵੇਂ ਉਸਰ ਰਹੇ ਭਾਈਚਾਰੇ ਨੂੰ ਜਿਥੇ ਹੋਰ ਕਈ ਗੱਲਾਂ ਤੋਂ ਸਫਲਤਾ ਸਹਿਤ ਵਰਜਿਆ ਉਥੇ ਉਨ੍ਹਾਂ ਨੂੰ ਕੱਚੀ ਬਾਣੀ ਦੀ ਪੈਰਵੀ ਤੋਂ ਵੀ ਹੋੜਿਆ ਅਤੇ ਇਹ ਸੇਵਾ ਨਿਭਾਣ ਵਿੱਚ ਵੀ ਉਹ ਸਫਲ ਰਹੇ।

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ।
... ... ...
ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।
ਬਾਣੀ ਤ ਕਚੀ ਸਤਿਗੁਰੂ ਬਾਝਹੁ
ਹੋਰ ਕਚੀ ਬਾਣੀ।
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ।
ਹਰਿ ਹਰਿ ਨਿਤ ਕਰਹਿ ਰਸਨਾ
ਕਹਿਆ ਕਛੂ ਨਾ ਜਾਣੀ।
ਚਿਤੁ ਜਿਨਕਾ ਹਿਰਿ ਲਇਆ
ਮਾਇਆ ਬੋਲਨਿ ਪਏ ਰਵਾਣੀ।
ਕਹੈ ਨਾਨਕੁ ਸਤਿਗੁਰੂ ਬਾਝਹੁ
ਹੋਰ ਕਚੀ ਬਾਣੀ।

ਹੁਣ ਤਕ ਆਨੰਦ ਸਾਹਿਬ ਦੇ ਕੁਝ ਪ੍ਰਮੁਖ ਵੱਸਤੂਗਤ ਗੁਣਾਂ ਤੇ ਵਿਚਾਰ ਕੀਤੀ ਗਈ ਹੈ. ਇਸ ਤੋਂ ਸਿੱਧ ਹੈ ਕਿ ਇਹ ਕਲਾ ਇਕ ਭਾਂਤ ਦੀ ਰਚਨਾ ਹੈ। ਹੁਣ ਸੰਖੇਪ ਵਿਚ ਇਸ ਰਚਨਾ ਦੀਆਂ ਰੂਪਕ ਖ਼ੂਬੀਆਂ ਨੂੰ ਜਾਣ ਲੈਣਾ ਵਧੇਰੇ ਉਚਿਤ ਹੋਵੇਗਾ।

ਇਸ ਸਬੰਧ ਵਿਚ ਵਰਣਨ ਯੋਗ ਪਹਿਲੀ ਗੱਲ ਇਹ ਹੈ ਕਿ ਇਹ ਰਚਨਾ ਗਿਆਨ ਧਿਆਨ ਅਤੇ ਸਮਾਧੀ ਨੂੰ ਪਾਰ ਕਰ ਕੇ ਇਕ ਜਗਿਆਸੂ ਦੁਆਰਾ ਉਚਾਰੀ ਗਈ ਉਤ੍ਰ-ਸਮਾਜਿਕਾਲ ਹੈ। ਇਸ ਲਈ ਇਸ ਵਿਚ ਕਵਿਤਾ ਕਾਲੀ ਆਪ ਮੁਹਾਰਤਾ ਭਰਪੂਰ ਰੂਪ ਵਿਚ ਵਿਦਮਾਨ ਹੈ।

ਆਨੰਦ ਸਾਹਿਬ ਪਿੰਗਲ ਦੇ ਸ਼ਾਸਤ੍ਰੀ ਅਸੂਲਾਂ ਤੋਂ ਕੁਝ ਸੁਤੰਤਰਾ ਦੀ ਧਾਰਨੀ ਕਾਵਿ ਕ੍ਰਿਤ ਹੈ। ਇਸ ਪੱਖੋਂ ਇਹ ਵਧੇਰੇ ਪੰਜਾਬੀ ਸੁਭਾ ਅਤੇ ਪੰਜਾਬੀ ਸਾਹਿੱਤ ਦੀ ਆਪਣੀ ਸੁਤੰਤਰ ਪਰੰਪਰਾ ਦੇ ਨੇੜੇ ਹੈ ਜੋ ਬਾਬਾ ਫ਼ਰੀਦ ਅਤੇ ਫੇਰ ਪੂਰਨ ਵਿਦਰੋਹ ਲਈ ਰੂਪ ਵਿਚ ਗੁਰੂ ਨਾਨਕ ਤੇ ਦੂਜੇ ਗੁਰੂ ਸਾਹਿਬਾਨ ਨੇ ਕਾਇਮ ਕੀਤੀ। ਗੁਰੂਆਂ ਨੇ ਨਾ ਕੇਵਲ ਅਮਲੀ ਜੀਵਨ ਵਿਚ ਹੀ ਪੁਰਾਣੇ ਮਰ ਰਹੇ ਬ੍ਰਾਹਮਣੀਵਾਦ ਵਿਰੁਧ ਬਗਾਵਤ ਕੀਤੀ ਸਗੋਂ ਸਾਹਿਤ ਰਚਨਾ ਵਿਚ ਵੀ ਉਨ੍ਹਾਂ ਨੇ ਪੂਰੀ ਕ੍ਰਿਸ਼ਟਕ ਅਤੇ ਕਲਾਤਮਿਕ ਸੁਤੰਤਰਤਾ ਵੀ ਇਖਤਿਆਰ ਕੀਤੀ। ਇਹੀ ਕਾਰਣ ਹੈ ਕਿ ਸੰਸਕ੍ਰਿਤ ਭਾਸ਼ਾ ਦੇ ਤਿਆਗ ਦੇ ਨਾਲ ਹੀ ਉਹਨਾਂ ਸਾਰੀਆਂ ਪ੍ਰਚਲਿਤ ਕੜੀਆਂ ਦਾ ਵੀ ਤਿਆਗ ਕੀਤਾ ਅਤੇ ਆਪਣੀ ਸਾਹਿਤ ਸ੍ਰਿਸ਼ਟੀ ਲਈ ਬਿਲਕੁਲ ਨਵੀਂ ਜ਼ਮੀਨ ਲੱਭੀ। ਇਸਦਾ ਕ੍ਰਿਸ਼ਟਿਕ ਆਧਾਰ ਉਹਨਾਂ ਸੁਤੰਤ੍ਰ ਪੰਜਾਬੀ ਸੁਭਾ ਅਤੇ ਇਕ ਵੱਖਰੀ ਸਭਿਆਚਾਰਿਕ ਹੋਂਦ ਵਿਚੋਂ ਲਭਿਆ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਅਤੇ ਹੋਰ ਗੁਰੂਆਂ ਨੇ ਇਕ ਵਖਰੇ, ਨਵੀਨ, ਸੁਤੰਤਰ ਅਤੇ ਰਾਸ਼ਟਰੀ ਇਨਕਲਾਬੀ ਸਾਹਿਤ ਦੀ ਪਰਮਾਟੀ ਥਾਈ ਜੋ ਮਗਰੋਂ ਜਾ ਕਿ ਪੰਜਾਬੀ ਸਾਹਿਤ ਦੀ ਇਕ ਨਿਸ਼ਚਿਤ ਪ੍ਰੰਪਰਾ ਦਾ ਰੂਪ ਧਾਰਨ ਕਰ ਗਈ। ਸੋ ਆਨੰਦ ਬਾਣੀ ਵਿਚ ਉਪਰ ਦਸੇ ਪੰਜਾਬੀ ਸਾਹਿਤ ਪਰੰਪਰਾ ਵਾਲੇ ਸਾਰੇ ਗੁਣ ਹਨ। ਇਸ ਲਈ ਲੋੜ ਹੈ ਕਿ ਇਸ ਰਚਨਾ ਨੂੰ ਰੂੜ੍ਹੀ ਗੱਤ ਮਾਪਾਂ ਦੁਆਰਾ ਨਾ ਪਰਖਿਆ ਜਾਵੇ ਸਗੋਂ ਇਸਦੀ ਸਾਹਿਤਕ ਨਿਰਖ ਪਰਖ ਇਸਦੇ ਆਪਣੇ ਵਿਦਰੋਹੀ ਸੁਭਾ ਅਤੇ ਸਰੂਪ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ।

ਸੋ ਅਸਾਂ ਵੇਖਿਆ ਹੈ ਕਿ 'ਅਨੰਦ ਸਾਹਿਬ' ਵਿਚ ਸੰਸਕ੍ਰਿਤ ਵਸਤੂ ਦੇ ਨਾਲ ਸੁੰਦਰ ਰੂਪ ਦਾ ਸੰਜੋਗ ਹੈ; ਇਹੀ ਸੰਜੋਗ ਮਹਾਨ ਕਲਾ ਦਾ ਲਛਣ ਹੈ।

—o—



www.AKJ.Org

# ਬੰਦੀ ਅੰਦਰ ਬੰਦਾ

(ਵਲੋਂ–ਭਾਈ ਦੇਵਾ ਸਿੰਘ ਜੀ ਕਿਰਤੀ, ਅੰਮ੍ਰਿਤਸਰ)

ਦੁਨੀਆਂ ਵੀ ਇਕ ਅਜੀਬ ਜੇਹਲਖਾਨਾ ਹੈ ਜਿਥੇ ਹਰ ਜੀਵ ਭੇਜਿਆ ਗਿਆ ਹੈ ਬੰਦੀਵਾਨ ਬਣਾਕੇ ਤੇ ਲਿਖ ਦਿਤੀ ਹੈ ਮਿਆਦ ਏਥੇ ਰਹਿਣ ਦੀ।

ਛਨਿ ਘਾਲੇ ਸਭ ਦਿਵਸ ਸਾਸ ਨਹ
ਬਢਨ ਘਟਨ ਤਿਲੁ ਸਾਰ।

ਪਰ ਕਲਾਸਾਂ ਏ, ਬੀ ਤੇ ਸੀ ਵਖੋ ਵਖ ਹਨ।

ਨੇਕ ਮਹਾਤਮਾਂ ਪੁਰਸ਼ ਏ–ਕਲਾਸ।
ਅਮੀਰ ਮਾਇਆਧਾਰੀ ਬੀ–ਕਲਾਸ।
ਗ਼ਰੀਬ ਮੁਸ਼ੱਕਤੀ ਸੀ–ਕਲਾਸ।

ਭਾਵੇਂ ਇਕੋ ਡਿਓਢੀ ਰਸਤੇ ਰਾਹੀਂ ਸਾਰੇ ਆਂਵਦੇ ਹਨ ਪਰ ਕਰਮ ਵਖੋ ਵਖ ਭੋਗਦੇ ਹਨ, ਰਹਿਣੀ ਬਹਿਣੀ ਕਹਿਣੀ ਵਖੋ ਵਖ ਹੈ।

ਪਰ ਅਜਬ ਤਮਾਸ਼ਾ ਤਾਂ ਇਹ ਹੈ ਏਥੇ ਆਣਕੇ ਜੇਕਰ ਏ ਕਲਾਸ ਵਾਲੇ ਭੁਲ ਜਾਣ ਆਪਣੇ ਫ਼ਰਜ਼ ਨੂੰ ਤੇ ਤੋੜ ਦੇਣ ਨਿਯਮ ਜੇਹਲ ਦੇ ਤੇ ਹੋ ਜਾਣ ਹੰਕਾਰੀ ਤੇ ਬਣ ਜਾਣ ਵਕਾਰੀ ਰਿੱਧੀਆਂ ਸਿੱਧੀਆਂ ਦੇ ਵੱਸ ਪੈ ਕੇ ਤਾਂ ਜੇਹਲ ਅਫ਼ਸਰਾਂ ਨੂੰ ਹੱਕ ਹੈ ਖੋਹ ਲੈਣ ਏ-ਕਲਾਸ ਤੇ ਬਣ ਜਾਣ ਓਹੀ ਏ-ਕਲਾਸ ਵਾਲੇ ਸੀ-ਕਲਾਸੀ। ਏਸੇ ਤਰ੍ਹਾਂ ਬੀ-ਕਲਾਸ ਵਾਲਿਆਂ ਨੇ:–

ਮਾਇਆਧਾਰੀ ਅਤਿ ਅੰਨਾ ਬੋਲਾ।
ਸਬਦੁ ਨ ਸੁਣਈ ਬਹੁ ਰੋਲ ਘਚੋਲਾ।

ਬਣ ਗਿਆ ਅੰਨ੍ਹਾ ਤੇ ਬੋਲਾ ਨਹੀਂ ਵੇਖਦਾ, ਮੇਰੇ ਪੈਰਾਂ ਥਲੇ ਕੌਣ ਕੌਣ ਮਿਧਿਆ ਜਾ ਰਿਹਾ ਹੈ ਤੇ ਲਗ ਪਏ ਮਨਮਾਨੀਆਂ ਕਰਨ ਅੰਦਰ ਜੇਹਲ ਦੇ ਨਹੀਂ ਮੰਨਿਆ ਹੁਕਮ ਤੇ ਤੋੜ ਦਿਤੇ ਨਿਯਮ ਏਸ ਜੇਹਲ ਦੇ ਜਿਥੇ ਲਿਖਿਆ ਸੀ—

੧ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ
੨ ਵੇਖ ਪਰਾਈਆ ਚੰਗੀਆ
ਮਾਵਾ ਭੈਣਾ ਧੀਆ ਜਾਣੈ।
੩ ਜੇ ਤਉ ਪਿਰੀਆ ਦੀ ਸਿਕ
ਹਿਆਉ ਨ ਠਾਹੇ ਕਹੀਦਾ।
੪ ਸਭੇ ਸਾਂਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।
੫ ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।
੬ ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ।

ਪਰ ਨਹੀਂ ਰਿਹਾ ਧਿਆਨ ਏਸ ਹਉਮੈਂ ਦੀ ਢੀਠਾਈ ਸਦਕਾ ਤੇ ਲਗਾ ਦੁਖ ਦੇਣ ਸਗੋਂ ਸੰਗੀ ਸਾਥੀ ਕੈਦੀਆਂ ਨੂੰ ਤੇ ਬਣ ਗਿਆ ਮੁਜਰਮ ਜੇਹਲ ਦੇ ਕਾਨੂੰਨ ਤੋੜਨ ਵਾਲਾ ਅੰਦਰ ਹੀ ਕਲਾਸ ਬਦਲ ਗਈ, ਮੁਸ਼ੱਕਤ ਕਰਨੀ ਪੈ ਗਈ, ਕਟੌਤੀ ਬੰਦ ਸਗੋਂ ਸਜ਼ਾ ਵਧਾ ਲਈ ਇਸ ਮੂਰਖ ਨੇ ਆਪਣੀਆਂ ਕਾਲੀਆਂ ਕਰਤੂਤਾਂ ਨਾਲ। ਆਇਆ ਸੀ ਸਾਧ ਸੰਤ ਤੇ ਬੜਾ ਧਨਵਾਨ ਪਰ ਹੋਇਆ ਕੰਗਾਲ ਨੀਚ। ਪਰ ਓਸੇ ਜੇਹਲ ਵਿਚ ਸੀ-ਕਲਾਸ ਦਾ ਕੈਦੀ ਜਿਸ ਨੂੰ ਸਖ਼ਤ ਮੁਸ਼ੱਕਤ ਕਰਨ ਦਾ ਹੁਕਮ ਸੀ ਉਹ ਨੇਕ ਬੰਦਾ ਬਣ ਗਿਆ ਤੇ ਅਫ਼ਸਰਾਂ ਦਾ ਹੁਕਮ ਜੇਹਲ ਦੇ ਨਿਯਮ ਸਿਰ ਮੱਥੇ ਹੁਕਮ ਸਮਝ ਕੇ ਮੰਨਦਾ ਹੈ, ਬਾਕੀ ਕੈਦੀਆਂ ਨੂੰ ਦੁਖ ਨਹੀਂ ਦੇਂਦਾ ਸਗੋਂ ਮਿੱਠਾ ਬੋਲਦਾ ਤੇ ਉਹਨਾਂ ਦੇ ਦੁਖ ਵੰਡਦਾ ਹੈ ਤਾਂ ਓਸੇ ਜੇਹਲ ਦੇ



www.AKJ.Org

ਅਫ਼ਸਰ ਉਸ ਦੀ ਮੁਸ਼ੱਕਤ ਮਾਫ਼ ਕਰ ਕੇ ਉਸ ਨੂੰ ਨੰਬਰਦਾਰ, ਜਮਾਂਦਾਰ ਆਦ ਬਣਾ ਦੇਂਦੇ ਹਨ ਉਸਦੀ ਕਟੌਤੀ ਵਧ ਹੋ ਗਈ ਹੈ ਤੇ ਉਹ ਬੰਦਾ ਜਦੋਂ ਰਿਹਾਈ ਦਾ ਵੇਲਾ ਆਇਆ ਤਾਂ ਸਾਰੇ ਕੈਦੀ ਤੇ ਅਫ਼ਸਰ ਵੀ ਉਸ ਦੀ ਵਡਿਆਈ ਤੇ ਸਨਮਾਨ ਨਾਲ ਬਾਹਰ ਭੇਜਦੇ ਹਨ ਉਸ ਬੰਦੇ ਨੇ ਅਗੋਂ ਉਹ ਕਰਮ ਨਹੀਂ ਕੀਤਾ ਜਿਸ ਕਰਕੇ ਫਿਰ ਜੇਹਲ ਜਾਣਾ ਪਵੇ ਤੇ ਸਗੋਂ—

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ।

ਵਾਂਗੂ ਸਚ ਮੁਚ 'ਸੰਗੀ ਸਾਥੀ ਸਗਲ ਤਰਾਈ' ਵਾਲਾ ਉਪਕਾਰੀ ਬਣ ਕੇ ਜਾਂਦਾ ਹੈ ਏਸ ਸੰਸਾਰ ਰੂਪੀ ਜੇਹਲ ਤੋਂ ਤੇ ਸਚਮੁਚ ਹੀ 'ਇਹ ਲੋਕ ਸੁਖੀਏ ਪਰਲੋਕ ਸੁਹੇਲੇ' ਅਰਥਾਤ ਓਹ ਦੋਵੇਂ ਲੋਕ ਸਵਾਰ ਲੈਂਦੇ ਹਨ ਤੇ ਉਹਨਾਂ ਦਾ ਮੁਕ ਜਾਂਦਾ ਹੈ ਆਵਣ ਜਾਣਾ ਨਿਤ ਨਿਤ ਏਸ ਜੇਹਲ ਤੋਂ । ਸਗੋਂ ਉਹਨਾਂ ਦੇ ਨਾਲ ਦੇ ਗਾਂਵਦੇ ਨੇ ਮਸਤੀ ਵਿਚ—

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ।
ਸਚੀ ਦਰਗਹ ਜਾਇ ਸਚਾ ਪਿੜ ਮਲਿਆ ।
ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ ।
ਗੁਰਮੁਖਿ ਨਿਹਚਲੁ ਚਿਤੁ ਨ ਹਲੈ ਹਲਿਆ ।
ਗੁਰਮੁਖਿ ਸਚੁ ਅਲਾਉ ਭਲੀ ਹੂੰ ਭਲਿਆ ।
ਗੁਰਮੁਖਿ ਸਦੇ ਜਾਨਿ ਆਵਨਿ ਘਲਿਆ ।
(ਭਾਈ ਗੁਰਦਾਸ ਜੀ)

ਉਹ ਦਰਗਾਹ ਵਿਚ ਸੁਰਖ਼ੁਰੂ ਖਲੋਤੇ ਹਨ—

ਧਰਮਰਾਇ ਅਬ ਕਹਾ ਕਰੈਗੋ
ਜਉ ਫਾਟਿਓ ਸਗਲੋ ਲੇਖਾ ।

ਏਥੇ ਹੀ ਬਸ ਨਹੀਂ ਉਹਨਾਂ ਦੇ ਨਾਮ-ਲੇਵਾ ਸੰਗੀ ਸਾਥੀ ਵੰਡਦੇ ਫਿਰਦੇ ਨੇ ਦਾਤ ਨੇਕੀ ਦੀ ਏਸ ਦੁਖੀ ਸੰਸਾਰ ਤੇ ਜੋ ਸੜ ਰਿਹਾ ਹੈ ਵਿਸ਼ਿਆਂ ਦੀ ਅੱਗ ਵਿਚ ਜਿਥੇ ਚੜ੍ਹੀਆਂ ਹੋਈਆਂ ਹਨੇਰੀਆਂ ਫ਼ੈਸ਼ਨ ਦੀਆਂ, ਨਸ਼ਿਆਂ ਦੀਆਂ ਨੇ ਅੰਨ੍ਹਾ ਕਰ ਦਿਤਾ ਹੈ ਜੀਵਾਂ ਨੂੰ ਘੱਟਾ ਮਿੱਟੀ ਪਾ ਪਾ ਕੇ ਅੱਖਾਂ ਵਿਚ ਕੰਨਾਂ ਵਿਚ ਦਿਨੇ ਰਾਤ ਅਵੱਲੇ ਗੀਤਾਂ ਨੇ, ਵਿਚਾਰਿਆਂ ਦੇ ਬਦਨ ਦੇ ਕਪੜੇ ਵੀ ਉਡ ਗਏ ਨੇ ਪਛਮੀ ਹਨੇਰੀ ਨਾਲ । ਅਜ ਰੇਤ ਥਲਾਂ ਵਾਂਗੂੰ ਨਹੀਂ ਦਿਸਦੀ ਸ਼ਾਂਤ ਦੀ ਬੂੰਦ ਵੀ ਕਿਧਰੇ ਸਚੇ ਪਿਆਰ ਦੀ । ਸਗੋਂ ਹੋ ਗਿਆ ਹੈ—

ਇਸਤ੍ਰੀ ਪੁਰਖੈ ਦਾਮ ਹਿਤੁ
ਭਾਵੈ ਆਇ ਕਿਥਾਊ ਜਾਈ ।

ਤੇ ਸਚ ਮੁਚ ਹੀ—'ਕਲਿ ਆਈ ਕੁਤੇ ਮੁਹੀ
ਖਾਜੁ ਹੋਆ ਮੁਰਦਾਰ ਗੁਸਾਈ ।

ਐਸੇ ਘੋਰ ਹਨੇਰੇ ਵਿਚ ਅਖੰਡ ਕੀਰਤਨ ਦੀਆਂ ਝੜੀਆਂ ਲਾ ਕੇ ਕਢ ਰਹੇ ਨੇ—

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ।

ਵਿਚ ਸੜ ਰਹੇ ਜੀਵਾਂ ਨੂੰ ਨਾਮ ਬਾਣੀ ਦਾ ਅੰਮ੍ਰਿਤ ਪਿਆ ਕੇ । ਧੰਨ ਹਨ ਉਹ ਆਪ ਤੇ ਧੰਨ ਹਨ ਉਹ ਮਾਵਾਂ ਜਿਨ੍ਹਾਂ ਨੇ ਉਹਨਾਂ ਨੂੰ ਜਨਮ ਦਿਤਾ ।

ਤਿਨ ਧੰਨੁ ਜਣੇਦੀ ਮਾਉ ਆਏ ਸਫ਼ਲੁ ਸੇ ।

## ਜ਼ਰੂਰੀ ਬੇਨਤੀ

ਲੇਖਕ ਸਜਣਾਂ ਦੀ ਸੇਵਾ ਵਿਚ ਸਨਿਮਰ ਬਿਨੈ ਹੈ ਕਿ ਲੇਖ ਕਾਗਜ਼ ਦੇ ਇਕ ਪਾਸੇ ਤੇ ਸਾਫ਼ ਸੁਥਰਾ ਹੋਣਾ ਚਾਹੀਦਾ ਹੈ; ਤਾ ਕਿ ਕੰਪੋਜ਼ਿੰਗ ਵੇਲੇ ਔਖਿਆਈ ਨਾ ਹੋਵੇ, ਤੇ ਗ਼ਲਤੀ ਨਾ ਛਪੇ ।

ਦਾਸ—ਮੈਨੇਜਰ, 'ਸੂਰਾ' ਧੋਬੀ ਘਾਟ, ਪਟਿਆਲਾ



www.AKJ.Org

# ਸਤਿਗੁਰ ਨਾਨਕ ਪ੍ਰਗਟਿਆ

(ਵਲੋਂ—ਰਜਿੰਦਰ ਪਾਲ 'ਜਿੰਦਲ' ਚੰਡੀਗੜ੍ਹ)

ਜਦੋਂ ਧਰਤੀ ਪਾਪਾਂ ਦੇ ਭਾਰ ਹੇਠ ਦੱਬੀ ਜਾਂਦੀ ਹੈ, ਜ਼ੁਲਮ ਸਿਖਰਾਂ ਉਤੇ ਪੁਜ ਜਾਂਦੇ ਹਨ, ਉਦੋਂ ਪਰਮਾਤਮਾ ਕਿਸੇ ਮਹਾਨ ਪੁਰਸ਼ ਨੂੰ ਸੰਸਾਰ ਦੀ ਅਗਵਾਈ ਕਰਨ ਲਈ ਘਲਦਾ ਹੈ। ਜਦੋਂ ਵਾੜ ਖੇਤ ਨੂੰ ਖਾਣ ਲਗ ਪਵੇ, ਰਾਜੇ ਕਸਾਈ ਦਾ ਰੂਪ ਧਾਰ ਲੈਣ ਅਤੇ ਦੁਨੀਆਂ ਕੁਤੇ ਮੂਹੀ ਹੋ ਜ਼ਾਵੇ ਉਦੋਂ ਦੇਸ਼ ਅਧੋਗਤੀ ਵਲ ਚਲਾ ਜਾਂਦਾ ਹੈ। ਠੀਕ ਇਵੇਂ ਹੀ ਉਹ ਵੇਲਾ ਸੀ, ਜਦੋਂ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਨ ਕੀਤਾ। ਉਸ ਵੇਲੇ ਸਾਡਾ ਦੇਸ਼ ਅਤਿ ਭਿਆਨਕ ਦੁਰਦਸ਼ਾ ਵਿਚ ਸੀ, ਜਿਸ ਦਾ ਚਿਤਰ ਭਾਈ ਗੁਰਦਾਸ ਜੀ ਨੇ ਇਸ ਪ੍ਰਕਾਰ ਖਿਚਿਆ ਹੈ—

ਕਲਿਆਈ ਕੁਤੇ ਮੂੰਹੀ ਖਾਜ
ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਂਵਦੇ
ਉਲਟੀ ਵਾੜ ਖੇਤ ਕੋ ਖ਼ਾਹੀ।
ਕਾਜੀ ਹੋਏ ਰਿਸ਼ਵਤੀ
ਵੱਢੀ ਲੈ ਕੇ ਹੱਕ ਗਵਾਈ।

ਕਲਜੁਗ ਵਿਚ ਦੁਨੀਆਂ ਕੁਤੇ ਮੂਹੀ ਹੋ ਗਈ ਹੈ, ਭਾਵ ਹੱਕ ਨ-ਹੱਕ ਨਹੀਂ ਵੇਖਦੀ ਅਤੇ ਇਸ ਦਾ ਭੋਜਨ ਮੁਰਦੇ ਦਾ ਮਾਸ ਹੋ ਗਿਆ ਹੈ। ਭਾਵ ਲੋਕ ਹੱਕ ਦੀ ਕਮਾਈ ਨਹੀਂ ਖਾਂਦੇ, ਹਰਾਮ ਦਾ ਮਾਲ ਖਾਂਦੇ ਹਨ। ਰਾਜੇ ਪਾਪ ਕਮਾਂਉਦੇ ਹਨ ਤੇ ਵਾੜ ਖੇਤ ਦੀ ਰਾਖੀ ਕਰਨ ਦੀ ਥਾਂ ਉਲਟਾ ਉਸ ਨੂੰ ਖਾ ਰਹੀ ਸੀ, ਜਿਨ੍ਹਾਂ ਰਾਜਿਆਂ ਨੇ ਪਰਜਾ ਦੀ ਰਾਖੀ ਕਰਨੀ ਸੀ ਉਹ ਉਸ ਤੇ ਜ਼ੁਲਮ ਕਰ ਰਹੇ ਸਨ। ਜੱਜ ਵੱਢੀ ਖੋਰ ਹੋ ਗਏ ਤੇ ਰਿਸ਼ਵਤ ਲੈ ਕੇ ਇਨਸਾਫ ਨੂੰ ਹਥੋਂ ਛੱਡ ਦਿੰਦੇ ਸਨ।

ਭਾਈਚਾਰਕ ਤੌਰ ਤੇ ਹਿੰਦੂ ਜਾਤਾਂ ਤੇ ਗੋਤਾਂ ਵਿਚ ਵੰਡੇ ਹੋਏ ਸਨ। ਜ਼ਾਤ ਪਾਤ ਦਾ ਰਿਵਾਜ ਹਿੰਦੂ ਸਮਾਜ ਲਈ ਸ਼੍ਰੇਣੀਆਂ ਨੂੰ ਆਪਣੇ ਸੁਆਰਥ ਲਈ ਵਰਤਦੇ ਸਨ। ਉਹ ਛੂਤ ਛਾਤ ਦਾ ਪ੍ਰਚਾਰ ਕਰਦੇ ਸਨ। ਉਹਨਾਂ ਨੇ ਧਰਮ ਨੂੰ ਕੇਵਲ ਕੁਝ ਰੀਤਾਂ, ਰਸਮਾਂ ਸੰਸਕਾਰਾਂ ਦਾ ਪਲੰਦਾ ਬਣਾ ਲਿਆ ਸੀ। ਸ਼ੂਦਰਾਂ ਨੂੰ ਮੰਦਰਾਂ ਵਿਚ ਦਾਖਲ ਨਹੀਂ ਹੋਣ ਦਿਤਾ ਜਾਂਦਾ ਸੀ। ਉਹਨਾਂ ਦੀ ਦਲੀਲ ਅਨੁਸਾਰ ਸ਼ੂਦਰਾਂ ਲਈ ਰਬ ਦਾ ਘਰ ਹਮੇਸ਼ਾਂ ਲਈ ਬੰਦ ਸੀ। ਗੁਰੂ ਨਾਨਕ ਜੀ ਨੇ ਮਾਝ ਦੀ ਵਾਰ ਵਿਚ ਲਿਖਿਆ ਹੈ—

ਕਲਿ ਕਾਤੀ ਰਾਜੇ ਕਾਸਾਈ,
ਧਰਮੁ ਪੰਖ ਕਰਿ ਉਡਰਿਆ,
ਕੂੜ ਅਮਾਵਸ ਸਚੁ ਚੰਦ੍ਰਮਾ,
ਦੀਸੈ ਨਾਹੀ ਕਹ ਚੜਿਆ।

ਭਾਵ ਧਰਮ ਖੰਭ ਲਾ ਕੇ ਉਡ ਗਿਆ ਹੈ; ਝੂਠ ਮਸਿਆ ਦੀ ਰਾਤ ਵਾਂਗੂੰ ਪਸਰਿਆ ਹੋਇਆ ਹੈ, ਅਤੇ ਸਚ ਦਾ ਚੰਨ ਕਿਸੇ ਪਾਸੇ ਨਹੀਂ ਦਿਸਦਾ। ਸੰਸਾਰ ਵਿਚ ਅਗਿਆਨਤਾ ਅਤੇ ਜਹਾਲਤ ਪਸਰੀ ਹੋਈ ਸੀ ਲੋਕ ਜਾਦੂ ਟੂਣਿਆਂ ਵਿਚ ਫ਼ਸੇ ਹੋਏ ਸਨ। ਲੋਕਾਂ ਵਿਚ ਵੈਰ ਵਿਰੋਧ ਬਹੁਤ ਵਧ ਗਿਆ ਸੀ। ਹਰ ਪਾਸੇ ਅਤਿਆਚਾਰਾਂ ਦਾ ਦੌਰ ਦੌਰਾ ਸੀ। ਹਿਰਦੇ ਦੀ ਸੱਚੀ ਸ਼ਰਧਾ ਦੀ ਥਾਂ ਫੋਕੀਆਂ ਰੀਤਾਂ ਰਸਮਾਂ ਨੇ



www.AKJ.Org

ਮਲ ਲਈ ਸੀ। ਅੰਧ ਵਿਸ਼ਵਾਸ ਤੇ ਵਹਿਮਾਂ ਨੇ ਸਚ ਨੂੰ ਦੇਸ਼ ਨਿਕਾਲਾ ਦੇ ਦਿਤਾ ਸੀ। ਹਿੰਦੂ ਤੇ ਮੁਸਲਮਾਨ ਆਪਸ ਵਿਚ ਲੜਦੇ ਝਗੜਦੇ ਸਨ। ਬ੍ਰਹਮਨ ਤੇ ਮੌਲਵੀ ਇਕ ਦੂਸਰੇ ਨਾਲ ਖਹਿੰਦੇ ਸਨ। ਸਮਾਜ ਵਿਚ ਇਸਤਰੀਆਂ ਦਾ ਦਰਜਾ ਬੜਾ ਘਟੀਆ ਸੀ। ਇਸ ਗਲ ਦੀ ਪ੍ਰੋੜਤਾ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਇਸ ਪ੍ਰਕਾਰ ਹੁੰਦੀ ਹੈ।

ਖੁਦੀ ਬਖੀਲੀ ਤਕਬਰੀ,
ਖਿਚੋਤਾਣ ਕਰੇਣ ਧਿਙਾਣੇ।
ਬੇਦ ਕਤੇਬ ਭਲਾਇਕੇ,
ਮੋਹੇ ਲਾਲਚ ਦੁਨੀ ਸੈਤਾਣੇ।
ਸਚ ਕਿਨਾਰੇ ਰਹਿ ਗਿਆ,
ਖਹਿ ਖਹਿ ਮਰਦੇ ਬਾਹਮਣ ਮੌਲਾਣੇ।

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਸਰਬ ਸਾਂਝੀ ਵਾਲਤਾ ਦਾ ਉਪਦੇਸ਼ ਲੈ ਕੇ ਆਏ। ਉਹਨਾਂ ਦੀ ਨਜ਼ਰ ਵਿਚ ਹਿੰਦੂ ਤੇ ਮੁਸਲਮਾਨ ਬਰਾਬਰ ਸਨ। ਉਹਨਾਂ ਰੱਬੀ ਏਕਤਾ ਤੇ ਮਨੁਖੀ ਸਮਾਨਤਾ ਉਪਰ ਜ਼ੋਰ ਦਿਤਾ। ਉਹ ਭਗਤੀ ਮਾਰਗ ਦੇ ਇਨਕਲਾਬੀ ਸੰਤ ਸਨ। ਉਹਨਾਂ ਨੇ ਲੋਕਾਂ ਨੂੰ ਪ੍ਰਭੂ ਦਾ ਭਜਨ ਤੇ ਸਿਫ਼ਤ ਸਲਾਹ ਕਰਨ ਲਈ ਪਰੇਰਿਆ। ਰਬ ਨਾਲ ਮੇਲ ਕਰਨ ਲਈ ਪ੍ਰੀਤ ਦੀ ਰੀਤ ਦਸੀ। ਪ੍ਰੀਤ ਦੀ ਰੀਤ ਗੁਰੂ ਕੋਲੋਂ ਸਿਖੀ ਜਾ ਸਕਦੀ ਹੈ। ਜਿਸਦਾ ਸਾਧਨ ਹੈ ਪਰੇਮ! ਆਤਮ ਤਿਆਗ ਜਾਂ ਹਉਮੈ ਮਿਟੌਣ ਲਈ ਪ੍ਰਭੂ ਨਾਲ ਲਿਵ ਇਕੋ ਇਕ ਸਾਧਨ ਹੈ। ਹਉਮੈ ਮਿਟਾਉਣ ਦਾ ਭਾਵ ਹੈ ਕਿ ਪਰੇਮੀ ਦੀ ਆਪਣੀ ਕੋਈ ਇਛਾ ਨਾ ਰਹੇ। ਉਹ ਆਪਣੇ ਪ੍ਰੀਤਮ ਪ੍ਰਭੂ ਦੇ ਮਿਲਾਪ ਲਈ ਆਪਣੇ ਮਨ ਸਰੀਰ ਤੇ ਸਪੰਤੀ ਦੀ ਪੂਰਨ ਕੁਰਬਾਨੀ ਦੇ ਦੇਵੇ। ਪ੍ਰਭੂ ਦੇ ਪਰੇਮੀ ਲਈ ਸਭ ਮਨੁਖ ਇਕ ਸਮਾਨ ਹਨ। ਇਸ ਲਈ ਕਿਸੇ ਨੂੰ ਉਚਾ ਨੀਵਾ ਨਾ ਸਮਝੋ। ਪਰੇਮੀ ਫੋਕੇ ਕਰਮ ਕਾਂਡਾਂ ਦੀ ਭੇਖਾਂ ਦੀ ਥਾਂ ਸਚਾ ਤੇ ਡੂੰਘਾ ਖਿਆਲ ਲੋਚਦਾ ਹੈ। ਉਸ ਨੂੰ ਛਲਿਆ ਨਹੀਂ ਜਾ ਸਕਦਾ, ਪ੍ਰਭੂ ਮਨੁਖੀ ਹਿਰਦੇ ਵਿਚ ਵਸਦਾ ਹੈ, ਪ੍ਰਭੂ ਕੇਵਲ ਇਕੋ ਬੋਲੀ ਸਮਝਦਾ ਹੈ, ਉਹ ਬੋਲੀ ਹੈ ਪ੍ਰੀਤ ਦੀ। ਜਿਵੇਂ ਕਿ–

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।

ਪ੍ਰਮਾਤਮਾ ਅਜੋਨੀ ਹੈ। ਜੋ ਸਰਬ ਵਿਆਪਕ ਹੈ ਉਹ ਚਕਰ ਚਿਹਣ ਤੋਂ ਪਰੇ ਹੈ। ਨਿਰਭੈ ਤੇ ਨਿਰਵੈਰ ਹੈ।

ਗੁਰੂ ਨਾਨਕ ਦੇਵ ਜੀ ਦਾ ਮੇਲ ਕਈ ਮੁਸਲਮਾਨ ਦਰਵੇਸ਼ਾਂ ਨਾਲ ਹੋਇਆ। ਆਪ ਲਗ ਪਗ 30 ਸਾਲ ਵਖ ਵਖ ਥਾਵਾਂ ਦਾ ਰਟਨ ਕਰਦੇ ਰਹੇ। ਗਿਆਨ ਪ੍ਰਾਪਤੀ ਤੋਂ ਪਿਛੋਂ ਗੁਰੂ ਨਾਨਕ ਸਾਹਿਬ ਵਿਚ ਬਹੁਤ ਪਰਿਵਰਤਨ ਆ ਗਿਆ ਸੀ। ਉਹ ਇਕਾਂਤ ਜੀਵਨ ਬਤੀਤ ਕਰਨ ਲਗ ਪਏ। ਜੇਕਰ ਕੋਈ ਉਨ੍ਹਾਂ ਨੂੰ ਬੁਲਾਉਣ ਲਈ ਜ਼ਿੱਦ ਕਰਦਾ ਤਾਂ ਉਹ ਕੇਵਲ ਏਨਾਂ ਕਹਿੰਦੇ, 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ' ਗੁਰੂ ਜੀ ਕੁਰਸ਼ੇਤਰ ਵੀ ਫੇਰਾ ਪਾਇਆ। ਉਥੇ ਸੂਰਜ ਗ੍ਰਹਿਣ ਦੇ ਮੇਲੇ ਉਤੇ ਲੱਖਾਂ ਸਾਧੂ, ਸੰਤ, ਫ਼ਕੀਰ ਬ੍ਰਾਹਮਣ ਇਕਠੇ ਹੋਏ ਸਨ। ਗੁਰੂ ਜੀ ਨੇ ਉਹਨਾਂ ਨੂੰ ਦਸਿਆ ਅਸਲੀ ਧਰਮ ਮਨੁਖ ਨੂੰ ਅੰਤਰੀਵ ਪਵਿਤਰਤਾ, ਪਿਆਰ, ਸਚਾਈ ਤੇ ਦਿਆਨਤਦਾਰੀ ਦਾ ਵਧੇਰੇ ਖ਼ਿਆਲ ਰਖਣਾ ਚਾਹੀਦਾ ਹੈ। ਕੁਰਸ਼ੇਤਰ ਤੋਂ ਗੁਰੂ ਜੀ ਹਰਦੁਆਰ ਗਏ, ਇਥੇ ਉਹਨਾਂ ਨੇ ਵਚਿਤਰ ਤੇ ਹਸਾਉਣੇ ਢੰਗ ਨਾਲ ਲੋਕਾਂ ਨੂੰ ਸਮਝਾਇਆ ਕਿ ਪਿਤਰਾਂ ਜਾਂ ਮਰ ਚੁਕੇ ਵਡੇ ਵਡੇਰਿਆਂ ਨੂੰ ਮਰਨ ਪਿਛੋਂ ਕੁਝ ਪਹੁੰਚਣ ਦੀ ਆਸ ਰਖਣੀ ਬੇਅਰਥ ਹੈ। ਸਾਨੂੰ ਚਾਹੀਦਾ ਹੈ ਜੀਉਂਦੇ ਜੀ ਵਾਹਿਗੁਰੂ ਨੂੰ ਜਪਣਾ ਚਾਹੀਦਾ ਹੈ। ਜੋਗੀਆਂ ਨੇ ਇਕ ਵਾਰੀ ਗੁਰੂ ਜੀ ਨੂੰ ਕੁਝ ਕਰਾਮਾਤ ਦਿਖਾਉਣ ਲਈ ਆਖਿਆ। ਭਾਈ ਗੁਰਦਾਸ ਜੀ ਆਖਦੇ ਹਨ, ਗੁਰੂ ਨਾਨਕ ਦੇਵ ਜੀ ਨੇ ਉਨਾਂ ਨੂੰ ਆਖਿਆ, ਬਾਝੋ ਸਚੇ ਨਾਮ ਦੇ, ਹੋਰੁ ਕਰਾਮਾਤਿ ਅਸਾਂ ਤੇ ਨਾਹੀ। ਇਹ ਸੁਣ ਕੇ ਜੋਗੀਆਂ ਨੂੰ ਤਸੱਲੀ ਹੋ ਗਈ। ਚੌਥੀ ਉਦਾਸੀ ਗੁਰੂ ਜੀ ਦੀ ਮੱਕੇ ਤੇ ਬਗਦਾਦ ਦੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ।

ਬਾਬਾ ਫਿਰਿ ਮਕੇ ਗਇਆ
ਨੀਲ ਬਸਤ੍ਰ ਧਾਰਿ ਬਨਵਾਰੀ।



www.AKJ.Org

ਆਸਾ ਹਥਿ ਕਿਤਾਬ ਕਛਿ
ਕੂਜਾ ਬਾਂਗ ਮਸੁਲਾ ਧਾਰੀ ।

ਫਿਰ ਗੁਰੂ ਜੀ ਮਰਦਾਨੇ ਸਮੇਤ ਮੱਕੇ ਪਹੁੰਚ ਗਏ ਤੇ ਮੱਕੇ ਵਲ ਪੈਰ ਕਰਕੇ ਸੌਂ ਗਏ । ਕਾਜ਼ੀ ਰੁਕਨਦੀਨ ਨੇ ਬੇਅਦਬੀ ਦਾ ਬੜਾ ਬੁਰਾ ਮਨਾਇਆ, ਗੁਰੂ ਜੀ ਨੇ ਆਖਿਆ, ਚੰਗਾ ਭਾਈ ਤੂੰ ਮੇਰੀਆਂ ਲੱਤਾਂ ਉਧਰ ਕਰਦੇ ਜਿਧਰ ਰਬ ਦਾ ਘਰ ਨਹੀਂ । ਰੱਬ ਦੀ ਸਰਬ-ਵਿਆਪਕਤਾ ਵਲ ਇਸ਼ਾਰਾ ਸਾਰਿਆਂ ਲਈ ਭਾਰਾ ਸਬਕ ਸੀ ।

ਗੁਰੂ ਨਾਨਕ ਮਾਰਗ ਦਰਸ਼ਨ ਦਾ ਪ੍ਰਮੁਖ ਲਛਣ ਸਚ ਕੀ ਬਾਣੀ ਸੱਚ ਕੀ ਬੇਲਾ ਆਖ ਦੇਣਾ ਹੈ । ਪਿਛੋਂ ਆਖਣ ਦਾ ਲਾਭ ਵੀ ਕੀ । ਬਾਬਰ ਨੇ ਏਮਨਾਬਾਦ ਤੇ ਹਮਲਾ ਕੀਤਾ, ਦੇਸ਼ ਵਾਸੀਆਂ ਦੀ ਪਤ ਲੁਟੀ । ਉਹ ਚੁਪ ਨਾ ਰਹਿ ਸਕੇ । ਉਨਾਂ ਬਾਬਰ ਧਾੜਵੀ ਨੂੰ ਲੱਲਕਾਰ ਕੇ ਆਖਿਆ ।

ਖੁਰਾਸਾਨ ਖਸਮਾਨਾ ਕੀਆ
ਹਿੰਦੋਸਤਾਨ ਡਰਾਇਆ ।
ਆਪੈ ਦੋਸ਼ ਨਾ ਦੇਈ ਕਰਤਾ
ਜਮ ਕਰ ਮੁਗਲ ਚੜਾਇਆ ।
ਏਤੀ ਮਾਰ ਪਈ ਕੁਰਲਾਣੇ
ਤੈ ਕੀ ਦਰਦ ਨਾ ਆਇਆ ।

ਇਕ ਸੱਚੇ ਦੇਸ਼ ਭਗਤ ਹੋਣ ਕਰਕੇ ਆਪਨੇ ਰਬ ਨੂੰ ਵੀ ਖਰੀਆਂ ਖਰੀਆਂ ਆਖਣ ਤੋਂ ਸੰਕੋਚ ਨਾ ਕੀਤਾ । ਗੁਰੂ ਜੀ ਜਿਥੇ ਰਬ ਦੇ ਸੱਚੇ ਭਗਤ ਸਨ, ਉਥੇ ਸਾਰੇ ਸੰਸਾਰ ਲਈ ਹਰਮਨ ਪਿਆਰੇ ਵੀ ਸਨ । ਆਪ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਬਰਾਬਰ ਸਮਝਦੇ ਸਨ । ਮਾਨਣ ਪਿਆਰ, ਸਮੁਚਾ ਦਿਸ਼੍ਟੀ-ਕੋਨ, ਸਰਬ ਸਾਂਝੀਵਾਲਤਾ ਦਰਦ ਤੇ ਹੂਕ, ਪੀੜ ਤੇ ਬਿਰਹਾ ਆਪ ਦੀ ਬਾਣੀ ਦੇ ਮੁਖ ਲਛਣ ਹਨ ।

ਆਪ ਸਚਮੁਚ ਏਸ਼ੀਆ ਦੇ ਚਾਨਣ ਸਨ । ਆਪ ਨੂੰ ਦੇਸ਼ ਵਾਸੀ ਜਗਤ ਗੁਰੂ ਤੇ ਸਭ ਦਾ ਸਾਂਝਾ ਆਗੂ ਮੰਨ ਕੇ ਸਤਿਕਾਰਦੇ ਹਨ ।


# ਫੁਲਬਹਿਰੀ, ਸਫ਼ੈਦ ਦਾਗ਼ ਦਾ ਮੁਕੰਮਲ ਇਲਾਜ

**ਫੁਲਬਹਿਰੀ, ਸਫ਼ੈਦ ਦਾਗਾਂ ਅਤੇ ਹੋਰ ਜਿਲਦੀ ਰੋਗਾਂ ਦੇ ਪੂਰੇ ਇਲਾਜ ਲਈ ਖ਼ਾਨਦਾਨੀ ਹਕੀਮ ਡਾ: ਐਚ. ਐਸ. ਕਟਾਰੀਆ ਨੂੰ ਮਿਲੋ ਜਿਨ੍ਹਾਂ ਦੇ ਇਲਾਜ ਨਾਲ ਸੈਂਕੜੇ ਲੋਕ ਫੁਲਬਹਿਰੀ ਦੇ ਰੋਗ ਤੋਂ ਛੁਟਕਾਰਾ ਪਾ ਚੁਕੇ ਹਨ**

ਸਾਡੀ ਦਵਾਈ ਫੁਲਬਹਿਰੀ ਦੇ ਰੋਗ ਨੂੰ ਜੜੋਂ ਹੀ ਖ਼ਤਮ ਕਰ ਕੇ ਸਰੀਰ ਦੀ ਚਮੜੀ ਨੂੰ ਆਪਣੇ ਰੂਪ ਵਿਚ ਲੈ ਆਉਂਦੀ ਹੈ । ਸੋ ਫੁਲਬਹਿਰੀ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ ।

ਹੇਠ ਲਿਖੇ ਪਤੇ ਤੇ ਮਿਲੋ ਜਾਂ ਚਿੱਠੀ ਪੱਤਰ ਰਾਹੀਂ ਦਵਾਈ ਮੰਗਾ ਸਕਦੇ ਹੋ ।

ਡਾਕਟਰ ਐਚ. ਐਸ. ਕਟਾਰੀਆ

## ਕਟਾਰੀਆ ਸ਼ਫ਼ਾਖ਼ਾਨਾ

**ਪੀਲੀ ਸੜਕ, ਰਾਘੋਮਾਜਰਾ, ਪਟਿਆਲਾ ।**

ਨੋਟ—ਸਾਡੇ ਨਾਲ ਮਿਲਦੇ ਜੁਲਦੇ ਕਈ ਧੋਖੇਬਾਜ਼ਾਂ ਨੇ ਬੋਰਡ ਲਾ ਰਖੇ ਹਨ ਇਨ੍ਹਾਂ ਨਕਲਚੀਆਂ ਤੋਂ ਬਚੋ ।




www.AKJ.Org

# ਦੀਵਾ ਬਲੇ ਅੰਧੇਰਾ ਜਾਇ

(ਵਲੋਂ–ਗਿਆਨੀ ਜਸਮੇਰ ਸਿੰਘ ਜੀ 'ਪਾਲ')

ਫ਼ਾਰਸੀ ਦੀਆਂ ਪੁਸਤਕਾਂ ਤੋਂ ਉਪਰੰਤ ਸਾਡੇ ਕੋਲ ਅੰਗਰੇਜ਼ ਲਿਖਾਰੀਆਂ ਦੀਆਂ ਕੁਝ ਕੁ ਪੁਸਤਕਾਂ ਸਿਖ ਇਤਿਹਾਸ ਉਤੇ ਲਿਖੀਆਂ ਮਿਲਦੀਆਂ ਹਨ। ਇਹਨਾਂ ਉਤੇ ਅਸੀਂ ਵਾਰੋ ਵਾਰੀ ਵਿਚਾਰ ਕਰਨੀ ਹੈ। ਇਹਨਾਂ ਅੰਗਰੇਜ਼ ਇਤਿਹਾਸਕਾਰਾਂ ਦੇ ਨਾਂ ਵਰਨਣ ਯੋਗ ਹਨ–ਜੋਫਿਸ ਡੇਵੀ ਕਨਿੰਘਮ, ਮੈਕਾਲਫ, ਐਨ. ਕੇ. ਸਿਨਹਾ, ਵਿਲੀਅਮ ਆਜ਼ਬੋਰਨ, ਲਾਰਡ ਐਲਨਬੋਰੋ, ਐਲ. ਐਚ. ਗਰਿਫਨ, ਡਿਊਕ ਆਫ਼ ਵੈਲਿੰਗਟਨ, ਜੈਕਮੈਂਟ, ਮੈਕਗਰੇਗਰ, ਮਲਕਾ ਵਿਕਟੋਰੀਆ, ਸਟੈਨ ਬੈਚ, ਮੇਜਰ ਬਰਾਡਫੁਟ, ਰਾਬਰਟ ਕਾਸਟ, ਹਿਊਮਰੇ,ਹਮਬਲੇ, ਪੈਨੇ ਵਿਲੀਅਮ ਐਡਵਰਜ, ਵੀਲਰ ਬੈਰਨ ਹਿਊਗਲ।

ਕਨਿੰਘਮ ਦੀ ਪੁਸਤਕ 'ਹਿਸਟਰੀ ਆਫ ਦੀ ਸਿਖ' ਸਿਖ ਇਤਿਹਾਸ ਦੀ ਆਪਣੀ ਕਿਸਮ ਦੀ ਪ੍ਰਮਾਣਿਕ ਪੁਸਤਕ ਹੈ। ਇਹ ਪੁਸਤਕ ਸਭ ਤੋਂ ਪਹਿਲੇ ੧੮੪੯ ਈਸਵੀ ਵਿਚ ਛਪੀ। ਕਨਿੰਘਮ ਨੇ ਖੋਜ ਪੂਰਤ ਇਤਿਹਾਸ ਲਿਖਿਆ ਹੈ। ਕਨਿੰਘਮ ਬੜੇ ਸਚੇ ਈਮਾਨ ਵਾਲਾ ਬੰਦਾ ਸੀ ਜੋ ਅੰਗਰੇਜ਼ੀ ਰਾਜ ਸਮੇਂ ਇੰਜੀਨੀਅਰ ਤੇ ਫ਼ੌਜੀ ਅਫ਼ਸਰ ਸੀ। ਕਹਿੰਦੇ ਹਨ ਕਿ ਇਸ ਨੇ ਲਾਹੌਰ ਦਰਬਾਰ ਦੀ ਅੰਗਰੇਜ਼ਾਂ ਨਾਲ ਗੁਪਤ ਸੰਧੀ ਆਪਣੀ ਲਿਖੀ ਪੁਸਤਕ 'ਹਿਸਟਰੀ ਆਫ਼ ਦੀ ਸਿਖ' ਵਿਚ ਪ੍ਰਗਟ ਕਰ ਦਿਤੀ ਸੀ। ਜਿਸ ਕਰਕੇ ਅੰਗਰੇਜ਼ਾਂ ਨੇ ਇਸ ਨੂੰ ਨੌਕਰੀ ਤੋਂ ਹਟਾ ਦਿਤਾ ਸੀ। ਇਹ ਇਸੇ ਸਦਮੇਂ ਨਾਲ ਮਰ ਗਿਆ ਸੀ। ਕਨਿੰਘਮ ਨੇ ਸਿਖ ਇਤਿਹਾਸ ਲਈ ਭਾਰੀ ਕੁਰਬਾਨੀ ਕੀਤੀ। ਇਸ ਦਾ ਨਾਂ ਸਿਖ ਇਤਿਹਾਸ ਵਿਚ ਅਮਰ ਰਹੇਗਾ। ਉਹ ਗੁਪਤ ਸੰਧੀ ਅੰਗਰੇਜ਼ੀ ਸਰਕਾਰ ਨਾਲ ਗੁਲਾਬ ਸਿੰਘ ਦੀ ਲਾਹੌਰ ਦਰਬਾਰ ਵਲੋਂ ਹੋਈ ਸੀ, ਜਿਸ ਵਿਚ ਇਹ ਪਾਸ ਕੀਤਾ ਗਿਆ ਸੀ ਕਿ ਅੰਗਰੇਜ਼ੀ ਫੌਜ ਖਾਲਸਾ ਫੌਜ ਨੂੰ ਹਾਰ ਦੇ ਕੇ ਸਿਧਿਆਂ ਲਾਹੌਰ ਆ ਜਾਵੇ। ਖਾਲਸਾ ਫ਼ੌਜ ਨੂੰ ਲਾਹੌਰ ਸਰਕਾਰ ਵਲੋਂ ਓਟ ਨਹੀਂ ਦਿਤੀ ਜਾਵੇਗੀ, ਅਤੇ ਨਾ ਹੀ ਜੇਤੂ ਅੰਗਰੇਜ਼ੀ ਫੌਜਾਂ ਨੂੰ ਸਤਲੁਜ ਪਾਰ ਕਰਨ ਮਗਰੋਂ ਲਾਹੌਰ ਵਿਚ ਵੜਨ ਤੋਂ ਕਿਸੇ ਪ੍ਰਕਾਰ ਦੀ ਰੋਕ ਪਾਈ ਜਾਵੇਗੀ। ਲਾਹੌਰ ਦਰਬਾਰ ਦੀ ਸਿਖ ਫੌਜ ਦਾ ਕਾਫ਼ੀ ਹਿਸਾ ਹਟਾ ਦਿਤਾ ਜਾਵੇਗਾ।

ਇਸ ਗੁਪਤ ਸੰਧੀ ਦਾ ਖਾਲਸਾ ਫੌਜ ਨੂੰ ਕੋਈ ਪਤਾ ਨਹੀਂ ਸੀ। ਇਸ ਸੰਧੀ ਦੇ ਹੋਣ ਮਗਰੋਂ ਸਭਰਾਵਾਂ ਦੀ ਜੰਗ ਲੜੀ ਗਈ। ਕਨਿੰਘਮ ਨੂੰ ਜਦੋਂ ਪੁਛਿਆ ਗਿਆ ਕਿ ਤੂੰ ਗੁਪਤ ਸੰਧੀ ਨੂੰ ਕਿਉਂ ਜ਼ਾਹਰ ਕੀਤਾ ਹੈ ਤਾਂ ਉਸ ਨੇ ਇਹ ਉਤਰ ਦਿਤਾ ਮੈਂ ਇਹ ਸਾਬਤ ਕਰਨ ਲਈ ਕਿ ਅੰਗਰੇਜ਼ ਕੌਮ ਵਿਚ ਵੀ ਸਚਾਈ ਵਾਲੇ ਬੰਦੇ ਹਨ ਇਸ ਕਰਕੇ ਇਸ ਸੰਧੀ ਦਾ ਪ੍ਰਗਟਾਵਾ ਕੀਤਾ ਹੈ। ਕਨਿੰਘਮ ਨੇ ਸਿਖ ਫੌਜਾਂ ਦੀ ਵਾਹਵਾ ਸਿਫ਼ਤ ਕੀਤੀ ਹੈ। ਉਹ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਕਿਸੇ ਨਾਮ ਲੇਵਾ ਨੇ ਦੁਸ਼ਮਨ ਤੋਂ ਪਨਾਹ ਨਹੀਂ ਮੰਗੀ। ਖਾਲਸੇ ਦੀ ਰਹਿਤ ਬਾਰੇ ਉਹ ਲਿਖਦਾ ਹੈ—ਗੁਰੂ ਗੋਬਿੰਦ ਸਿੰਘ ਦੀ ਰਹਿਤ ਦਿਲ ਤੇ ਦਿਮਾਗ਼ ਦੋਹਾਂ ਦੀ ਤਸੱਲੀ ਕਰਦੀ ਹੈ।



www.AKJ.Org

ਇਹ ਰਹਿਤ ਭੂਤ ਭਵਿਖ ਤੇ ਵਰਤਮਨ ਤਿਨ ਕਾਲਾਂ ਲਈ ਬਣਾਈ ਗਈ ਹੈ।

ਸਰ ਆਰਥਰ ਮੈਕਾਲਫ਼ ਆਇਰਲੈਂਡ ਦਾ ਰਹਿਣ ਵਾਲਾਂ ਸੀ, ਪੰਜਾਬ ਵਿਚ ਭਾਈ ਕਾਨ ਸਿੰਘ ਨਾਭਾ ਨਾਲ ਮੇਲ ਹੋਇਆ। ਸਿਖੀ ਤੋਂ ਪ੍ਰਭਾਵਤ ਹੋ ਕੇ ਮੈਕਾਲਫ ਨੇ ਦਾੜ੍ਹਾ ਰਖਿਆ। The Sikh Religion ਪੁਸਤਕ ਲਿਖੀ। ਆਪ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਇਨਕਲਾਬੀ ਸਨ ਨਾ ਕਿ ਸਮਾਜ ਸੁਧਾਰਕ। ਪੁਰਾਤਨ ਜਨਮ ਸਾਖੀ ਜਿਸ ਵਿਚ 57 ਸਾਖੀਆਂ ਹਨ। ਮੈਕਾਲਫ ਨੇ ਵੇਖਿਆ ਸੀ। ਡਾ: ਟਰੰਪ ਨਾਲ ਮੈਕਾਲਫ ਦਾ ਇਹ ਵਿਚਾਰ ਨਹੀਂ ਮਿਲਦਾ ਕਿ ਗੁਰੂ ਤੇਗ ਬਹਾਦਰ ਜੀ ਮੁਗ਼ਲ ਰਾਜ ਦੇ ਬਾਗੀ ਸਨ ਤੇ ਉਹਨਾਂ ਦੀ ਸ਼ਹਾਦਤ ਪੋਲੀਟੀਕਲ ਕਾਰਨਾ ਕਰਕੇ ਹੋਈ। ਮੈਕਾਲਫ ਨੇ ਸਿਖ ਰਿਲੀਜਨ ਦੀ ਚੋਥੀ ਜਿਲਦ ਪੰਨਾ 832 ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਨਿਰਣਾ ਕੀਤਾ ਹੈ। ਮੈਕਾਲਫ ਸਿਖ ਰਿਲੀਜਨ ਪੁਸਤਕ ਦੇ ਸਫਾ 236 ਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰੂ ਹਰਿ ਰਾਏ ਜੀ ਨੂੰ ਗਦੀ ਦੇਨਾ ਇਸ ਤਰ੍ਹਾਂ ਲਿਖਦਾ ਹੈ:—

ਛੇਵੇਂ ਗੁਰੂ ਨੇ ਆਪਣੇ ਤੋਂ ਅਗਲਾ ਗੁਰੂ ਚੁਨਣ ਲਈ ਇਕ ਭਾਰੀ ਦੀਵਾਨ ਸਜਾਇਆ, ਜਦੋਂ ਸਭ ਸਿਖ ਉਥੇ ਪੁਜ ਗਏ ਤਾਂ ਹਰਿਗੋਬਿੰਦ ਸਾਹਿਬ ਨੇ ਰੱਬ ਅਗੇ ਸਫਲਤਾ ਲਈ ਪ੍ਰਾਰਥਨਾ ਅਰੰਭੀ। ਆਪਣੇ ਹੱਥਾਂ ਨਾਲ ਤਖਤ ਹਰਿ ਰਾਏ ਨੂੰ ਦਿਤਾ। ਭਾਨਾ ਜੋ ਕਿ ਬਾਬਾ ਬੁਢਾ ਜੀ ਦਾ ਬੇਟਾ ਸੀ ਨੇ ਗੁਰਗਦੀ ਦਾ ਤਿਲਕ ਹਰਿਰਾਏ ਜੀ ਨੂੰ ਦਿਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹਾ ਹਰਿ ਰਾਇ ਜੀ ਨਾਨਕ ਗੁਰੂ ਦੀ ਆਤਮਕ ਤਾਕਤ ਆਪ ਸੀ ਨੂੰ ਦੇ ਦਿਤੀ ਹੈ ਨਾਨਕ ਗੁਰੂ ਨੂੰ ਆਪਣੇ ਰਿਦੇ ਵਿਚ ਸਮਝ ਕੇ ਸੇਵਾ ਕਰਨੀ। ਜੋ ਵੀ ਤੁਹਾਡੇ ਖਿਲਾਫ ਕਿਸੇ ਕਿਸਮ ਦੀ ਕਾਰਵਾਈ ਕਰੇਗਾ। ਸਫ਼ਲ ਨਹੀਂ ਹੋ ਸਕੇਗਾ। 2200 ਘੋੜ ਸਵਾਰ ਹਰ ਵੇਲੇ ਆਪਣੇ ਕੋਲ ਰਖਣੇ।

ਮਿਸਟਰ ਐਨ. ਕੇ. ਸਿਨਹਾ ਦਸਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਜਨਮ ੧੩ ਨਵੰਬਰ ੧੭੯੦ ਨੂੰ ਹੋਇਆ। ਆਜਬੋਰਨ ਨੇ ਲਿਖਿਆ ਹੈ ੨ ਨਵੰਬਰ ੧੭੮੦ ਨੂੰ ਹੋਇਆ। ਆਜਬੋਰਨ ਨੇ ਆਪਣੀ ਪੁਸਤਕ 'ਰਣਜੀਤ ਸਿੰਘ' ਵਿਚ ਸਫ਼ਾ ੩੧ ਤੇ ਲਿਖਿਆ ਹੈ ਕਿ ੧੫ ਅਪਰੈਲ ੧੮੦੯ ਨੂੰ ਸੀ. ਟੀ. ਮੈਟਕਾਫ਼ ਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਅੰਮ੍ਰਿਤਸਰ ਦੀ ਸੰਧੀ ਹੋਈ, ਜਿਸ ਦੀਆਂ ਚਾਰ ਸ਼ਰਤਾਂ ਸਨ—ਪਹਿਲੀ ਇਹ ਸੀ ਕਿ ਅੰਗਰੇਜ਼ਾਂ ਤੇ ਰਣਜੀਤ ਸਿੰਘ ਵਿਚਕਾਰ ਮਿਤਰਤਾ ਹੋਵੇਗੀ। ਲਾਹੌਰ ਰਾਜ ਨਾਲ ਅੰਗਰੇਜ਼ਾਂ ਦਾ ਕੋਈ ਵਾਸਤਾ ਨਹੀਂ। ਸਤਲੁਜ ਦੇ ਉਤਰ ਦਾ ਇਲਾਕਾ ਰਣਜੀਤ ਸਿੰਘ ਦਾ ਹੈ। ਦੂਜੀ ਸ਼ਰਤ ਇਹ ਸੀ ਕਿ ਰਣਜੀਤ ਸਿੰਘ ਸਤਲੁਜ ਦੇ ਖਬੇ ਕੰਢੇ ਉਤੇ ਸਿਖ ਰਾਜ ਦੀ ਰਾਖੀ ਲਈ ਫੌਜੀ ਦਸਤੇ ਰਖੇਗਾ। ਤੀਜੀ ਸ਼ਰਤ ਇਹ ਸੀ ਕਿ ਜੇਕਰ ਉਤਲੀਆਂ ਦੋਵੇਂ ਸ਼ਰਤਾਂ ਖ਼ਤਮ ਹੋ ਜਾਣ ਤਾਂ ਇਹ ਸੰਧੀ ਵੀ ਖਤਮ ਹੋ ਜਾਵੇਗੀ। ਚੌਥੀ ਸ਼ਰਤ ਵਿਚ ਇਸ ਸੰਧੀ ਪੱਤਰ ਉਤੇ ਦਸਖ਼ਤ ਕਰਾਏ ਗਏ ਸਨ। ਨਾਲ ਹੀ ਦਸਖ਼ਤ ਕਰਨ ਵਾਲੇ ਦੇ ਨਾਂ ਦਿਤੇ ਗਏ ਸਨ। ਸਿਨਹਾ ਲਿਖਦਾ ਹੈ ਕਿ ਅੰਮ੍ਰਿਤਸਰ ਵਿਚ ਰਣਜੀਤ ਸਿੰਘ ਨੇ ਇਸਤੇ ਦਸਖ਼ਤ ਕੀਤੇ। ਹਿਸਟੋਰੀਅਨਜ਼ ਨੇ ਇਸ ਦੀ ਕਾਫ਼ੀ ਪੜਚੋਲ ਕੀਤੀ ਹੈ। ਕਹਿੰਦੇ ਹਨ ਇਸ ਸੰਧੀ ਨਾਲ ਰਣਜੀਤ ਸਿੰਘ ਨੂੰ ਕਾਫ਼ੀ ਨੁਕਸਾਨ ਪੁਜਾ। ਰਣਜੀਤ ਸਿੰਘ ਦਾ ਸੁਪਨਾ ਸਤਲੁਜ ਤੋਂ ਜਮਨਾ ਤੀਕ ਸਿਖ ਰਾਜ ਦੇ ਕਾਇਮ ਕਰਨ ਦਾ ਸਦਾ ਲਈ ਖ਼ਤਮ ਹੋ ਗਿਆ। ਇਸ ਸੰਧੀ ਨੇ ਰਣਜੀਤ ਸਿੰਘ ਦਾ ਵਕਾਰ ਘਟਾ ਦਿਤਾ। ਅੰਮ੍ਰਿਤਸਰ ਦੀ ੧੮੦੯ ਦੀ ਸੰਧੀ ਸਿਖ ਇਤਿਹਾਸ ਵਿਚ ਮਹਤਵਪੂਰਨ ਸਥਾਨ ਰਖਦੀ ਹੈ।

ਇਬਸਟਨ ਹਿਸਟੋਰੀਅਨ ਲਿਖਦਾ ਹੈ ਕਿ ਸਿਖਾਂ ਦੀਆਂ ਬਾਰਾਂ ਮਿਸਲਾਂ ਮਜ਼੍ਹਬੀ ਹਕੂਮਤ ਸਨ। ਸਾਰੇ ਹੀ ਸਿਖ ਮਿਸਲਦਾਰ ਆਪਣੇ ਗੁਰੂ ਦੀ ਖਾਤਰ ਜੰਗਾਂ ਲੜਦੇ ਹੋਏ ਸ਼ਹੀਦ ਹੁੰਦੇ ਸਨ। ਉਹ ਸਾਂਝੇ ਗੁਰਮਤੇ ਕਰਨ ਲਈ ਵਿਸਾਖੀ ਜਾਂ ਦਿਵਾਲੀ ਨੂੰ



www.AKJ.Org

ਅੰਮ੍ਰਿਤਸਰ ਅਕਾਲ ਤਖਤ ਤੇ ਇਕਠੇ ਹੋ ਕੇ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਆਪਣੇ ਸਾਂਝੇ ਫੈਸਲੇ ਕਰਦੇ ਸਨ। ਉਹ ਸਾਰੀਆਂ ਲੁਟਾਂ ਮਾਰਾਂ ਗੁਰੂ ਦੇ ਨਾਂ ਤੇ ਕਰਦੇ ਸਨ। ਹਰ ਮਿਸਲਦਾਰ ਦੀ ਆਪਣੀ ਵਖਰੀ ਫੌਜ ਸੀ। ਹਰ ਮਿਸਲ ਦਾ ਸਰਦਾਰ ਖੁਦ ਮੁਖਤਿਆਰ ਸੀ।

ਸਟੇਨ ਬੈਚ ਆਪਣੀ ਪੁਸਤਕ 'ਦੀ ਪੰਜਾਬ' ਵਿਚ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਦਸਦਾ ਹੋਇਆ ਲਿਖਦਾ ਹੈ–'ਰਣਜੀਤ ਸਿੰਘ ਦੇ ਦਰਬਾਰ ਵਿਚ ਸਭ ਕੁਝ ਮਜੂਦ ਸੀ ਜਿਸ ਬਾਰੇ ਮਨੁਖੀ ਕਲਪਨਾ ਬੜੀ ਗੰਭੀਰ ਤਰ੍ਹਾਂ ਸੋਚ ਸਕਦੀ ਹੈ। ਮਹਾਰਾਜੇ ਦੇ ਦਰਬਾਰ ਵਿਚ ਹਰ ਤਰ੍ਹਾਂ ਦੀ ਸਜਾਵਟ ਸੀ। ਉਹ ਚਾਂਦੀ ਦੀ ਕੁਰਸੀ ਤੇ ਬੈਠਦਾ ਸੀ। ਬਾਕੀ ਦਰਬਾਰੀ ਉਸਦੇ ਕੋਲ ਖੜੋਂਦੇ ਸਨ। ਦਰਬਾਰ ਵਿਚ ਪਹਿਲੀ ਕੁਰਸੀ ਬਾਬਾ ਖੜਕ ਸਿੰਘ ਨੂੰ ਮਿਲੀ ਹੋਈ ਸੀ। ਦੂਜੀ ਮਹਾਰਾਜਾ ਸ਼ੇਰ ਸਿੰਘ ਨੂੰ ਤੀਜੀ ਵਜ਼ੀਰ ਧਿਆਨ ਸਿੰਘ ਨੂੰ। ਚੌਥੀ ਕੁਰਸੀ ਤੇ ਧਿਆਨ ਸਿੰਘ ਡੋਗਰੇ ਦਾ ਪੁਤਰ ਹੀਰਾ ਸਿੰਘ ਬੈਠਿਆ ਕਰਦਾ ਸੀ।'

ਹਿਸਟੋਰੀਅਨ ਮੈਕਗ੍ਰੇਗਰ ਆਪਣੀ ਪੁਸਤਕ 'ਹਿਸਟਰੀ ਆਫ ਦੀ ਸਿਖ' ਵਿਚ ਲਿਖਦਾ ਹੈ, ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਦਰਬਾਰ ਵਿਚ ਜੋ ਵੀ ਗਲਬਾਤ ਹੁੰਦੀ ਸੀ ਉਹ ਪੰਜਾਬੀ ਬੋਲੀ ਵਿਚ ਹੁੰਦੀ ਸੀ ਪਰੰਤੂ ਰਣਜੀਤ ਸਿੰਘ ਦੇ ਦਰਬਾਰ ਦੀ ਸਰਕਾਰੀ ਜ਼ਬਾਨ ਫਾਰਸੀ ਸੀ। ਦਰਬਾਰ ਦੀ ਲਿਖਤੀ ਕਾਰਵਾਈ ਫਾਰਸੀ ਵਿਚ ਕੀਤੀ ਜਾਂਦੀ ਸੀ। ਰਣਜੀਤ ਸਿੰਘ ਸਿਖ ਹੁੰਦਾ ਹੋਇਆ ਵੀ ਸਾਰੇ ਧਰਮਾਂ ਦਿਆਂ ਬੰਦਿਆਂ ਨਾਲ ਇਕੋ ਜਿਹਾ ਵਰਤਦਾ ਸੀ। ਉਸਦੇ ਦਰਬਾਰ ਵਿਚ ਕੰਮ ਕਰਨ ਵਾਲੇ ਬ੍ਰਾਹਮਣ, ਰਾਜਪੂਤ, ਮੁਸਲਮਾਨ ਸਭ ਕਿਸਮਾਂ ਦੇ ਬੰਦੇ ਸਨ। ਉਹ ਧਾਰਮਕ ਪਖ ਪਾਤ ਤੋਂ ਉਪਰ ਸੀ। ਉਹ ਯੋਗ ਬੰਦੇ ਨੂੰ ਚੁਨਣਾ ਜਾਣਦਾ ਸੀ। ਯੂਰਪੀਨ ਅਫਸਰ ਰਣਜੀਤ ਸਿੰਘ ਦੇ ਰਾਜ ਵਿਚ ਨ ਤਮਾਕੂ ਪੀ ਸਕਦੇ ਸਨ। ਬਿਦੇਸ਼ੀ ਯੂਰਪੀਨ ਅਫਸਰਾਂ ਲਈ ਮਹਾਰਾਜੇ ਲਈ ਇਹ ਵੀ ਸਖਤ ਹਦਾਇਤ ਸੀ ਕਿ ਉਹ ਜਦੋਂ ਤੀਕ ਉਸ ਦੇ ਦਰਬਾਰ ਵਿਚ ਨੌਕਰੀ ਕਰਨਗੇ ਦਾੜ੍ਹੀ ਤੇ ਕੇਸ ਨਹੀਂ ਕਟਣਗੇ, ਅਤੇ ਨਾ ਹੀ ਆਪਣੀਆਂ ਔਰਤਾਂ ਨੂੰ ਆਪਣੇ ਕੋਲੋਂ ਦੂਰ ਰਖਣਗੇ। ਅਕਾਲੀ ਲੋਕ ਫਰੰਗੀਆਂ ਤੋਂ ਘਿਰਣਾ ਕਰਦੇ ਸਨ। ਅਕਾਲੀ ਬਕਾਇਦਾ ਪਰੇਡ ਨਹੀਂ ਕਰਦੇ ਸਨ। ਸਗੋਂ ਖੁਲੀ ਛਾਪੇਮਾਰ ਲੜਾਈ ਨੂੰ ਪਸੰਦ ਕਰਦੇ ਸਨ, ਰਣਜੀਤ ਸਿੰਘ ਅਕਾਲੀਆਂ ਤੋਂ ਡਰਦਾ ਸੀ। ਅਕਾਲੀ ਆਮ ਤੌਰ ਤੇ ਹਥ ਵਿਚ ਸ੍ਰੀ ਸਾਹਿਬ ਰਖਦੇ ਸਨ। ਲਾਹੌਰ ਤੇ ਅੰਮ੍ਰਿਤਸਰ ਵਿਚ ਅਜ਼ਾਦ ਘੁਮਦੇ ਰਹਿੰਦੇ ਸਨ। ਸਾਧੂ ਸਿੰਘ ਅਕਾਲੀ ਤੇ ਫੂਲਾ ਸਿੰਘ ਅਕਾਲੀ ਬੜੇ ਸਾਹਸੀ ਤੇ ਜ਼ਬਰਦਸਤ ਸਨ। ਰਣਜੀਤ ਸਿੰਘ ਹਰ ਕੰਮ ਗੁਰੂ ਦੇ ਨਾਂ ਤੇ ਕਰਦਾ ਸੀ। ਉਹ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦਾ ਨਗਾਰਾ ਸਮਝਦਾ ਸੀ ਅਤੇ ਰਣਜੀਤ ਨਗਾਰਾ ਅਖਵਾਂਦਾ ਸੀ। ਉਹ ਸਿੰਘ ਸਾਹਿਬ ਸ਼ਬਦ ਨਾਲ ਸੰਤੁਸ਼ਟ ਰਹਿੰਦਾ ਸੀ ਆਪਣੇ ਆਪ ਨੂੰ ਰਾਜਾ ਨਹੀਂ ਸੀ ਅਖਵਾਂਦਾ।

ਬੈਰਨ ਹਿਊਗਲ ਪੁਸਤਕ Travels ਵਿਚ ਬਿਆਨ ਕਰਦਾ ਹੈ। ਬੈਰਨ ਹਿਊਗਲ ਆਸਟਰੀਆ ਦਾ ਇਕ ਉਘਾ ਵਿਜ਼ੀਟਰ ੧੮੩੬ ਵਿਚ ਲਾਹੌਰ ਪੁਜਾ ਸੀ ਜਿਸ ਨੇ ਰਣਜੀਤ ਸਿੰਘ ਦੀ ਸ਼ਕਲ ਸੂਰਤ ਆਪਣੇ ਸਫਰਨਾਮੇ ਵਿਚ ਦਸੀ ਹੈ। ਸਮੁਚੇ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਬਦਸ਼ਕਲ ਸੀ। ਉਸ ਦੇ ਮੂੰਹ ਤੇ ਮਾਤਾ ਦੇ ਦਾਗ ਸਨ। ਚੀਚਕ ਦੀਆਂ ਝਰੀਟਾਂ ਨੇ ਉਸਦੇ ਮੂੰਹ ਤੇ ਲਾਲ ਦਾਗ ਪਾਏ ਸਨ। ਉਸ ਦੇ ਬੁਲ੍ਹ ਮੋਟੇ ਸਨ, ਗਰਦਨ ਬਹੁਤ ਮੋਟੀ ਸੀ ਤੇ ਬਾਹਾਂ ਬਹੁਤ ਕਮਜ਼ੋਰ ਤੇ ਹੱਥ ਛੋਟੇ ਛੋਟੇ ਸਨ। ਰਣਜੀਤ ਸਿੰਘ ਬਦਸੂਰਤ ਹੋਣ ਤੋਂ ਇਲਾਵਾ ਛੋਟੇ ਕੱਦ ਦਾ ਸੀ। ਬੈਰਨ ਹਿਊਗਲ ਇਹ ਵੀ ਦਸਦਾ ਹੈ ਕਿ ਸਿਖ ਸਿਪਾਹੀ ਬੜੇ ਉਚ ਦਰਜੇ ਦੇ ਨਿਸ਼ਾਨੇ ਬਾਜ਼ ਸਨ ਤੋਪਾਂ ਦੇ ਗੋਲੇ ਚਲਾਣ ਵਿਚ ਸਭ ਤੋਂ ਅਗੇ ਸਨ।

ਲੈਪਲ ਗਰਿਫਨ ਨੇ ਜੋ ਕਿ ਪੰਜਾਬ ਸਰਕਾਰ ਦਾ ਅੰਗਰੇਜ਼ਾਂ ਵੇਲੇ ਚੀਫ ਸੈਕਟਰੀ ਸੀ, ਨੇ ਉਹਨਾਂ ਲੋਕਾਂ ਤੋਂ ਜੋ ਅਜੇ ਜਿਊਂਦੇ ਸਨ ਸਿਖ ਰਾਜ ਬਾਰੇ ਠੀਕ



www.AKJ.Org

ਠੀਕ ਪੁਛ ਕੇ ਲਿਖੇ ਹਨ, ਖਾਲਸਾ ਰਾਜ ਦੇ ਉਘੇ ਦਰਬਾਰੀਆਂ ਦੇ ਭਰੋਸੇ ਯੋਗ ਨਾਂ ਦਿਤੇ ਹਨ। ਲੈਪਲ ਗਰਿਫਨ ਆਪਣੀ ਪੁਸਤਕ ਰਣਜੀਤ ਸਿੰਘ ਵਿਚ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਫੌਜ 18 ਹਜ਼ਾਰ ਦੇ ਨੇੜੇ ਸੀ। ਲੇਖਕ ਮਹਾਰਾਜਾ ਰਣਜੀਤ ਸਿੰਘ ਮੁਲਤਾਨ ਉਤੇ ਕੀਤੀ ਚੜ੍ਹਾਈ ਨੂੰ ਡਾਢੇ ਜੋਸ਼ ਨਾਲ ਬਿਆਨ ਕਰਦਾ ਹੈ :—

ਸਿਰਾਂ ਦੇ ਸੌਦੇ ਕਰਨ ਵਾਲੇ ਅਕਾਲੀ ਮੁਲਤਾਨ ਦੇ ਕਿਲੇ ਦੀ ਉਚੀ ਦੀਵਾਰ ਤੇ ਗਿਲਝਿਆਂ ਵਾਂਗ ਝਪਟੇ। ਇਹਨਾਂ ਦਾ ਆਗੂ ਸਾਧੂ ਸਿੰਘ ਅਕਾਲੀ ਬੜਾ ਜੋਸ਼ੀਲਾ ਸੀ। ਉਸ ਨੇ ਕਿਲੇ ਦੀ ਦੀਵਾਰ ਤੇ ਚੜ੍ਹ ਕੇ ਅਫ਼ਗਾਨਾਂ ਉਤੇ ਜ਼ੋਰਦਾਰ ਹਨੇਰੀ ਵਰਗਾ ਹੱਲਾ ਕੀਤਾ। ਪਿਛੇ ਅਕਾਲੀ ਸਿਪਾਹੀ ਕਿਲੇ ਦੀ ਕੰਧ ਵਿਚ ਪਾੜ ਪਾਉਣ ਲਈ ਚੜ੍ਹੇ। ਨਵਾਬ ਮੁਜ਼ਫਰ ਖਾਂ ਨੇ ਤਲਵਾਰਾਂ ਦੇ ਨਾਲ ਵਢ ਟੁਕ ਸ਼ੁਰੂ ਕਰ ਦਿਤੀ। ਇਸ ਤੇ ਗੁਸਾ ਖਾ ਕੇ ਸਿਖਾਂ ਨੇ ਤੋੜਦਾਰ ਬੰਦੂਕਾਂ ਨਾਲ ਹਮਲਾ ਕਰ ਦਿਤਾ। ਬੁਢਾ ਨਵਾਬ ਆਪਣੇ ਅਠ ਲਾਡਲੇ ਪੁਤਰਾਂ ਨੂੰ ਅਗੇ ਲੈ ਕੇ ਵਧਿਆ ਤੇ ਅਕਾਲੀਆਂ ਨੂੰ ਲਲਕਾਰਾ ਮਾਰਿਆ 'ਸ਼ੇਰਾਂ ਵਾਂਗ ਮੈਦਾਨ ਵਿਚ ਨਿਕਲੋ' ਸਿੰਘਾਂ ਦਾ ਜ਼ੋਰਦਾਰ ਅਚਾਨਕ ਹੱਲਾ ਹੋਇਆ। ਨਵਾਬ ਮੁਜ਼ਫਰ ਖਾਂ ਤੇ ਉਸ ਦੇ ਪੰਜ ਪੁਤਰ ਬੁਰੀ ਤਰ੍ਹਾਂ ਕਤਲ ਕੀਤੇ ਗਏ। ਕਿਲੇ ਵਿਚ ਲੋਹੜੇ ਦੀ ਲੁਟ ਮਾਰ ਹੋਈ। ਸਿਖਾਂ ਨੇ ਮੁਲਤਾਨ ਨੂੰ ਇਕ ਜੂਨ ੧੮੧੮ ਈਸਵੀ ਨੂੰ ਜਿਤਿਆ। ਨਵਾਬ ਦਾ ਸਾਰਾ ਖਜ਼ਾਨਾ ਤੇ ਜਾਇਦਾਦ ਖਾਲਸੇ ਦੇ ਹੱਥ ਲਗੀ। ਮਹਾਰਾਜਾ ਖੜਕ ਸਿੰਘ ਖੁਸ਼ੀ ਦੇ ਬੈਂਡ ਵਜਾਂਦਾ ਹੋਇਆ ਲਾਹੌਰ ਵਿਚ ਵੜਿਆ।

ਲੈਪਨ ਗਰਿਫਨ ਨੇ ਇਹ 187 ਸਫੇ ਤੇ ਲਿਖਿਆ ਹੈ।

ਇੰਦੂ ਭੂਸ਼ਨ ਬੈਨਰਜ਼ ਨੇ ਆਪਣੀ ਪੁਸਤਕ 'ਐਵੋਲੇਸ਼ਨ ਆਫ ਸਿਖ' ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਦੀ ਦੋ ਪ੍ਰਕਾਰ ਨਾਲ ਸੁਚੱਜੀ ਵੰਡ ਕੀਤੀ ਹੈ। ਪਹਿਲੀ ੧੬੭੫ ਈਸਵੀ ਤਕ, ਦੂਜੀ ੧੬੯੯ ਤੋਂ ੧੭੦੮ ਈਸਵੀ ਤਕ। ਜਿਸ ਨੂੰ ਪੋਸਟ ਖਾਲਸਾ ਪੀਰਡ ਕਿਹਾ ਹੈ। ਇੰਦੂ ਭੂਸ਼ਨ ਬੈਨਰਜ਼ ਨੇ ਇਹ ਗਲਤ ਲਿਖਿਆ ਕਿ ਗੁਰੂ ਨਾਨਕ ਜੀ ਨੇ ਬਗਦਾਦ ਵਿਚ ਸ਼ੇਖ ਬਹਿਲੋਲ ਨੂੰ ਆਪਣਾ ਗੁਰੂ ਧਾਰਿਆ। ਗੁਰੂ ਨਾਨਕ ਦਾ ਗੁਰੂ ਅਕਾਲ ਪੁਰਖ ਸੀ। ਇਵੇਂ ਡਾਕਟਰ ਗੋਕਲ ਚੰਦ ਨਾਰੰਗ ਨੇ 'ਟਰਾਂਸਫਾਰਮੇਸ਼ਨ ਆਫ ਸਿਖ ਇਜ਼ਮ' ਪੁਸਤਕ ਵਿਚ ਸਿਖਾਂ ਉਤੇ ਮੁਗਲ ਰਾਜ ਦੇ ਜ਼ੁਲਮਾਂ ਦਾ ਜ਼ਿਕਰ ਕੀਤਾ ਹੈ, ਕਿ ਉਹਨਾਂ ਦੇ ਬਚੇ ਤੇ ਔਰਤਾਂ ਫੜ ਲਈਆਂ ਜਾਂਦੀਆਂ ਸਨ। ਉਹਨਾਂ ਨੂੰ ਬੁਰੀ ਤਰ੍ਹਾਂ ਕਤਲ ਕੀਤਾ ਜਾਂਦਾ ਸੀ। ਆਪਣੀ ਪੁਸਤਕ ਵਿਚ ਇਕ ਥਾਂ ਡਾਕਟਰ ਗੋਕਲ ਚੰਦ ਨਾਰੰਗ ਲਿਖਦੇ ਹਨ ਜੇਕਰ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਮੇਂ ਹਿੰਦੂ ਧਰਮ ਦੀ ਰਖਿਆ ਨਾ ਕਰਦੇ ਤਾਂ ਸੰਭਵ ਸੀ ਕਿ ਹਿੰਦੂ ਧਰਮ ਦਾ ਦੀਵਾ ਸਦਾ ਲਈ ਬੁਝ ਜਾਂਦਾ।

ਡਾਕਟਰ ਟਰੰਪ ਆਪਣੀ ਪੁਸਤਕ ਆਦਿ ਗ੍ਰੰਥ ਵਿਚ ਗਲਤ ਲਿਖਦੇ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਬੀ ਅਰਦਾਸ ਤੇ ਅਰਾਧਨਾ ਦਾ ਜ਼ਿਕਰ ਨਹੀਂ ਇਸ ਤੋਂ ਸਾਬਤ ਹੈ ਕਿ ਟਰੰਪ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਵੀ ਨਹੀਂ ਕੀਤੇ।

ਮੁਹੰਮਦ ਲਤੀਫ਼ ਜੀ ਲਿਖਦੇ ਹਨ—ਗੁਰੂ ਗੋਬਿੰਦ ਸਿੰਘ ਜੀ ਤਖ਼ਤ ਉਤੇ ਬਾਦਸ਼ਾਹ, ਲੜਾਈ ਦੇ ਮੈਦਾਨ ਵਿਚ ਸੂਰਮਾ, ਸਿਖ ਭਾਈਚਾਰੇ ਵਿਚ ਫ਼ਕੀਰ ਸੀ।

ਲਾਲਾ ਦੌਲਤ ਰਾਇ ਡੇਰਾ ਗਾਜ਼ੀ ਖਾਂ ਜਨਮਸਾਖੀ ਗੁਰੂ ਗੋਬਿੰਦ ਸਿੰਘ ਵਿਚ ਲਿਖਦਾ ਹੈ ਕਿ ਗੁਰੂ ਜੀ ਦਾ ਦਰਜਾ ਰਾਮ, ਕ੍ਰਿਸ਼ਨ, ਮੁਹੰਮਦ ਨਾਲੋਂ ਵੀ ਉਚਾ ਹੈ। ਕ੍ਰਿਸ਼ਨ ਜੀ ਨੇ ਉਚ ਘਰਾਣੇ ਦੇ ਲੋਕਾਂ ਨੂੰ ਉਚੇ ਚੁਕਿਆ ਸੀ ਪਰ ਦਸਵੇਂ ਗੁਰਾਂ ਨੇ ਸ਼ੂਦਰਾਂ ਨੂੰ।

ਸਰ ਜਾਦੂ ਨਾਥ ਸਰਕਾਰ ਦਾ ਇਹ ਲਿਖਣਾ ਗਲਤ ਹੈ ਕਿ ਸਿਖ ਧਰਮ ਦੀ ਪਵਤਿਰ ਧਾਰਾ ਗੁਰੂ ਨਾਨਕ ਦੇ ਮੂੰਹ ਵਿਚੋਂ ਨਿਕਲੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਤੀਕ ਜਾ ਕੇ ਇਹ ਪਵਿਤਰ ਧਾਰਾ ਗੰਧਲੀ ਹੋ*



www.AKJ.Org

# ਗੁਰੂ ਮਾਨਿਓ ਗ੍ਰੰਥ

(ਵਲੋਂ–ਪ੍ਰਿੰਸੀਪਲ ਸਤਬੀਰ ਸਿੰਘ ਜੀ, ਜਮਨਾ ਨਗਰ)

ਹੈਨਰੀ ਸੀ. ਲਿੰਕ ਨੇ ਆਪਣੀ ਸੰਸਾਰ ਪ੍ਰਸਿਧ ਪੁਸਤਕ ''ਮੁੜ ਧਰਮ ਵਲ'' (ਰਿਟਰਨ ਟੂ ਰੈਲੀਜਨ ) ਵਿਚ ਇਸ ਗਲ ਵਲ ਇਸ਼ਾਰਾ ਕੀਤਾ ਹੈ ਕਿ ਜਿਸ ਸਾਇੰਸ ਦੀ ਸੜਕ ਉਤੇ ਚਲਦਾ ਮਨੁਖ ਧਰਮ ਤੋਂ ਦੂਰ ਗਇਆ ਸੀ ਉਸੇ ਸਾਇੰਸ ਦੇ ਮਾਰਗ ਤੇ ਟੁਰਦਾ ਉਹ ਮੁੜ ਧਰਮ ਵਲ ਆਵੇਗਾ। ਇਸੇ ਵਿਚਾਰ ਨੂੰ ਅਗੇ ਟੋਰਦੇ ਹੋਏ ਪ੍ਰਸਿਧ ਫਿਲਾਸਫਰ ਇਤਿਹਾਸਕਾਰ ਆਰਨਲਡ ਟਾਇਨਬੀ ਨੇ ਆਪਣੀ ਪੁਸਤਕ 'ਇਤਿਹਾਸਕਾਰ ਦੇ ਦ੍ਰਿਸ਼ਟੀਕੋਣ ਤੋਂ ਧਰਮ' ਵਿੱਚ ਲਿਖਦਾ ਹੈ ਕਿ ਜਦੋਂ ਸਾਰਾ ਜਗਤ ਕੋਈ ਧਰਮ ਅਪਣਾਏਗਾ ਤਾਂ ਉਹ ਧਰਮ ਅਜ ਦੇ ਰਸਮੀ, ਕਰਮ-ਕਾਂਡੀ ਜਾਂ ਮਿਥਿਹਾਸ ਵਾਲਾ ਨਹੀਂ ਹੋਵੇਗਾ, ਸਗੋਂ ਉਹ ਜਿਸਦਾ ਮੂਲ ਆਧਾਰ 'ਸੇਵਾ ਤੇ ਸ਼ਬਦ' ਹੋਵੇਗਾ। ਉਥੇ ਹੀ ਉਸਨੇ ਉਦਾਹਰਣ ਵਜੋਂ ਕਿਹਾ ਹੈ ਕਿ ਸੇਵਾ ਦਾ ਆਦਰਸ਼ ਤਾਂ ਈਸਾਈਆਂ ਨੇ ਅਪਣਾ ਲਿਆ ਹੈ ਤੇ ਸ਼ਬਦ ਦਾ ਪ੍ਰਯੋਗ ਸਿਖ ਧਰਮ ਦੀ ਗ੍ਰੰਥ ਪੂਜਾ ਤੋਂ ਦੇਖਿਆ ਜਾ ਸਕਦਾ ਹੈ। ਗੁਰੂ ਨਾਨਕ ਜੀ ਨੇ ਇਹ ਮੁਢ ਤੋਂ ਹੀ ਦੇਖ ਲਿਆ ਸੀ ਕਿ ਜੇ ਧਰਮ ਨੇ ਸਰਬ-ਵਿਆਪੀ ਦੇ ਵਿਸ਼ਵ ਦਾ ਬਣਨਾ ਹੈ ਤਾਂ ਸ਼ਬਦ ਨੂੰ ਹੀ ਪਹਿਲ ਦੇਣੀ ਹੋਵੇਗੀ ਤੇ ਲੋਕਾਂ ਨੂੰ ਸ਼ਖਸੀ ਪੂਜਾ ਤੋਂ ਹਟਾਉਣਾ ਹੋਵੇਗਾ। ਗੁਰੂ ਨਾਨਕ ਦੇਵ ਜੀ ਨੇ ਹਰ ਵੇਲੇ, ਹਰ ਥਾਂ ਹਰ ਇਕ ਸ਼ਬਦ ਦੇ ਹੀ ਲੜ ਲਾਇਆ ਹੈ।

ਤਲਵੰਡੀ ਵਿਖੇ ਜਦ ਗੁਰੂ ਨਾਨਕ ਜੀ ਨੂੰ ਬਾਹਰ ਲੇਟੇ ਹੋਏ ਕਿਸੇ ਦੇ ਸੁੰਦਰ ਰਬਾਬ ਵਜਾਉਣ ਦੀ ਆਵਾਜ਼ ਕੰਨੀਂ ਪਈ ਤਾਂ ਭਾਈ ਮੰਨੀ ਸਿੰਘ ਜੀ ਲਿਖਦੇ ਹਨ ਕਿ ਆਪ ਉਠ ਬੈਠੇ ਤੇ ਰਬਾਬ ਵਜਾਉਣ ਵਾਲੇ ਕੋਲ ਪੁਜੇ ਤੇ ਕਿਹਾ, 'ਰਬਾਬ ਤੂੰ ਭਲੀ ਵਜਾਉਂਦਾ ਏਂ, ਨਾਂ ਕੀ ਆ।' ਉਸ ਆਖਿਆ, 'ਜੀ ਮੈਨੂੰ ਦਾਨਾ ਮਿਰਾਸੀ ਆਖਦੇ ਹਨ।' ਗੁਰੂ ਨਾਨਕ ਜੀ ਨੇ ਇਹ ਸੁਣਕੇ ਫੁਰਮਾਇਆ, ''ਜੇ ਸ਼ਬਦ ਪਾਇਕੇ ਰਾਮ ਨੂੰ ਗਾਇ ਤਾਂ ਮਰਦ-ਦਾਨਾ ਕਹਿਲਾਏਂ''। ਸਿਖਾਂ ਦੀ ਭਗਤ ਮਾਲਾ ਵਿੱਚ ਲਿਖਿਆ ਹੈ ਕਿ ਉਸ ਕਾਫੀ ਜਕੋ ਤਕੇ ਕੀਤੇ ਤੇ ਇਹ ਵੀ ਕਿਹਾ 'ਅਸੀਂ ਧਨੀ ਪੁਰਸ਼ਾਂ ਦੇ ਘਰੀਂ ਜਾ ਰਾਗ ਗਾਉਂਦੇ ਹਾਂ ਤਾਂ ਸਾਡੀ ਉਪਜੀਵਕਾ ਟੁਰਦੀ ਹੈ, ਜੇ ਸ਼ਬਦ ਗਾਇਆ ਤਾਂ ਬਾਲ ਬੱਚੇ ਦਾ ਕੀ ਹੋਵੇਗਾ।' ਗੁਰੂ ਨਾਨਕ ਜੀ ਨੇ ਸਮਝਾਉਂਦੇ ਹੋਏ ਕਿਹਾ ਸੀ ਕਿ ਸ਼ਬਦ ਦੀਨ ਦੁਨੀ ਦੋਹਾਂ ਵਿਚ ਤੇਰਾ ਉਧਾਰ ਕਰੇਗਾ। ਉਹ ਦਾਨਾ-ਮਰਦ ਸਾਥ ਹੋ ਉਠਿਆ ਤੇ ਭਾਈ

---

*ਗਈ ਤੇ ਸਿਖ ਨਿਰੇ ਸਿਪਾਹੀ ਬਣ ਕੇ ਰਹਿ ਗਏ ਤੇ ਸਿਖ ਧਰਮ ਖ਼ਤਮ ਹੋ ਗਿਆ। ਜਾਦੂ ਨਾਥ ਸਰਕਾਰ ਨੂੰ ਇਹ ਪਤਾ ਨਹੀਂ ਕਿ ਗੁਰੂ ਗੋਬਿੰਦ ਸਿੰਘ ਤੀਕ ਜਾ ਕੇ ਤਾਂ ਇਸ ਪਵਿਤਰ ਧਾਰਾ ਨੇ ਰੰਗ ਬਦਲਿਆ। ਦਸਵੇਂ ਗੁਰੂ ਦੇ ਸਮੇਂ ਜਾ ਕੇ ਤਾਂ ਸਿਖ ਧਰਮ ਪਹਿਲਾਂ ਨਾਲੋਂ ਹੋਰ ਵੀ ਪੱਕਾ ਤੇ ਮਜ਼ਬੂਤ ਹੋ ਗਿਆ ਸੀ ਇਸ ਪਵਿੱਤਰ ਧਾਰਾ ਦੇ ਗੰਧਲੇ ਹੋਣ ਦਾ ਤੇ ਖ਼ਤਮ ਹੋਣ ਤੇ ਸਵਾਲ ਹੀ ਨਹੀਂ।



www.AKJ.Org

ਮਰਦਾਨਾ ਜੀ ਦੇ ਨਾਂ ਨਾਲ ਜਗਤ ਪ੍ਰਸਿਧੀ ਖੱਟੀ। ਗੁਰੂ ਨਾਨਕ ਜੀ ਨੇ ਤਾਂ ਕਰਾਮਾਤ ਹੀ ਸ਼ਬਦ ਨੂੰ ਕਿਹਾ ਹੈ। ਜਦ ਸਿਧਾਂ ਨੇ ਕੋਈ ਕਰਾਮਾਤ ਦਿਖਾ-ਉਣ ਲਈ ਆਖਿਆ ਵੀ ਤਦ ਵੀ ਆਪ ਜੀ ਨੇ 'ਬਾਝੋਂ ਸਾਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀਂ' ਹੀ ਫੁਰਮਾਇਆ। ਜਦ ਫਿਰ ਸਿਧਾਂ ਨੇ ਗੁਰੂ ਨਾਨਕ ਜੀ ਨੂੰ ਇਤਨੀ ਵਡੀ ਸ਼ਕਤੀ ਦੇ ਮਾਲਕ ਹੋਣ ਦਾ ਰਹੱਸ ਪੁਛਿਆ ਤਾਂ ਵੀ ਆਪ ਜੀ ਨੇ 'ਗੁਰੂ ਸੰਗਤ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਹੀ' ਹੀ ਕਿਹਾ। ਭਾਈ ਗੁਰਦਾਸ ਜੀ ਦਾ ਕਹਿਣਾ ਹੈ ਕਿ ਗੁਰੂ ਨਾਨਕ ਜੀ ਨੇ ਸ਼ਬਦ ਦੁਆਰਾ ਹੀ ਸਾਰੀ ਪ੍ਰਿਥਮੀ ਜਿਤੀ ਤੇ ਜਗਿਆਸੂਆਂ ਲਈ ਨਵਾਂ ਨਵੇਕਲਾ, ਅਲੋਕਿਕ ਤੇ ਨਿਆਰਾ ਰਾਹ ਪਾਇਆ। ਸਿੱਧਾਂ ਨੇ ਅਚਲ ਵਟਾਲੇ ਵਿਚ ਇਕ ਵਾਰੀ ਫਿਰ ਗੁਰੂ ਨਾਨਕ ਜੀ ਨੂੰ ਜ਼ੇਰ ਕਰਨ ਲਈ ਤੇ ਆਪਣੇ ਮਤ ਦਾ ਅਨੁਯਾਈ ਬਨਾਉਣ ਲਈ ਸਿਰ ਤੋੜ ਕੋਸ਼ਿਸ਼ ਕੀਤੀ। ਉਹਨਾਂ ਸਵਾਲਾਂ ਦੀ ਬੋਛਾੜ ਕੀਤੀ ਤੇ ਪੁਛਿਆ, 'ਕਵਣ ਮੂਲ, ਕਵਣ ਮਤਿ ਵੇਲਾ। ਤੇਰਾ ਕਵਣੁ ਗੁਰੂ, ਜਿਸ ਕਾ ਤੂੰ ਚੇਲਾ।' 'ਜੀਵਨ ਦਾ ਮੂਲ ਕੀ ਹੈ, ਸਿਖਿਆ ਲੈਣ ਦਾ ਕਿਹੜਾ ਸਮਾਂ ਹੈ, ਤੂੰ ਕਿਸ ਗੁਰੂ ਦਾ ਚੇਲਾ ਹੈਂ ?' ਫਿਰ ਉਹਨਾਂ ਇਹ ਵੀ ਕਿਹਾ, 'ਬਾਲੇ ਨਾਨਕ ਸਾਨੂੰ ਇਹ ਵੀ ਦਸ ਕਿ ਸ਼ਬਦ ਦੇ ਰਾਹੀਂ ਗੁਰੂ ਇਸ ਜੀਵ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰਨ ਦੇ ਸਮਰੱਥ ਕਿਵੇਂ ਹੈ ?'

ਕਵਣ ਕਥਾ ਲੇ ਰਹਹੁ ਨਿਰਾਲੇ।
ਬੋਲੈ, ਨਾਨਕ, ਸੁਣਹੁ ਤੁਮ ਬਾਲੇ।
ਏਸ ਕਥਾ ਕਾ ਦੇਹਿ ਬੀਚਾਰੁ।
ਭਵਜਲ ਸਬਦਿ ਲੰਘਾਵਣਹਾਰ।੪੩।

ਗੁਰੂ ਜੀ ਨੇ ਤੁਰਤ ਉਤਰ ਦਿੱਤਾ ਕਿ ਪ੍ਰਾਣ ਹੀ ਹਸਤੀ ਦਾ ਮੁਢ ਹਨ, ਹੋਰ ਕੋਈ ਨਹੀਂ ਇਹ ਮਨੁਖਾ ਜਨਮ ਦਾ ਸਮਾਂ ਹੀ ਸਤਿਗੁਰਾਂ ਦੀ ਸਿਖਿਆ ਲੈਣ ਦਾ ਹੈ। ਸੁਆਸਾਂ ਵਿਚ ਸਤਿਗੁਰੂ ਲੈ ਆਉਣਾ ਹੀ ਕਾਮਯਾਬੀ ਦਾ ਰਾਹ ਹੈ। ਸ਼ਬਦ ਮੇਰਾ ਗੁਰੂ ਹੈ, ਮੇਰੀ ਸੁਰਤਿ ਦਾ ਟਿਕਾਉ ਹੀ ਉਸ ਸ਼ਬਦ ਗੁਰੂ ਦਾ ਸਿਖ ਹੈ।

'ਪਵਨ ਆਰੰਭੁ, ਸਤਿਗੁਰ ਮਤਿ ਵੇਲਾ।
ਸਬਦ ਗੁਰੂ, ਸੁਰਤਿ ਧੁਨਿ ਚੇਲਾ।'

ਫਿਰ ਪਾਤਸ਼ਾਹ ਨੇ ਕਿਹਾ ਕਿ ਅਕਥ ਪ੍ਰਭੂ ਦੇ ਗੁਣ ਗਾ ਗਾ ਕੇ ਮਾਇਆ ਤੋਂ ਨਿਰਲੇਪ ਰਹਿੰਦਾ ਹਾਂ ਤੇ ਇਹ ਸੋਝੀ ਆ ਜਾਂਦੀ ਹੈ ਕਿ ਉਹ ਗੁਰ-ਗੋਪਾਲ ਹਰੇਕ ਜੁਗ ਵਿਚ ਮੌਜੂਦ ਹੈ ਤੇ ਉਸ ਦੇ ਗੁਣ ਕੇਵਲ ਗੁਰ ਸ਼ਬਦ ਰਾਹੀਂ ਹੀ ਗਾਏ ਤੇ ਵਿਚਾਰੇ ਜਾ ਸਕਦੇ ਹਨ। ਸ਼ਬਦ ਹੀ ਹਉਮੈ, ਖੁਦਗ਼ਰਜ਼ੀ ਦੀ ਅੱਗ ਅੰਦਰੋਂ ਦੂਰ ਕਰਦਾ ਹੈ।

ਅਕਥ ਕਥਾ ਲੇ ਰਹਉ ਨਿਰਾਲਾ।
ਨਾਨਕ ਜੁਗ ਜੁਗ ਗੁਰ ਗੋਪਾਲਾ।
ਏਕ ਸਬਦ ਜਿਤੁ ਕਥਾ ਵੀਚਾਰੀ।
ਗੁਰਮੁਖਿ ਹਉਮੈ ਅਗਨਿ ਨਿਵਾਰੀ।੪੪।

ਸਿਧਾਂ ਦਾ ਖ਼ਿਆਲ ਸੀ ਕਿ ਗੁਰੂ ਨਾਨਕ ਨੂੰ ਨਿਗੁਰਾ ਸਾਬਤ ਕਰਕੇ ਉਸ ਦੇ ਸਾਰੇ ਹੀ ਸਿਧਾਂਤਾਂ ਦੀ ਕਮਜ਼ੋਰੀ ਪਰਗਟਾ ਦਿਆਂਗੇ ਪਰ ਗੁਰੂ ਨਾਨਕ ਜੀ ਦੇ ਇਹਨਾਂ ਉਤਰਾਂ ਨੇ ਉਹਨਾਂ ਨੂੰ ਨਿਰੁਤਰ ਕਰ ਦਿਤਾ ਤੇ ਉਹ ਨਮਸਕਾਰ ਕਰ ਕੇ 'ਧੰਨ ਗੁਰੂ ਨਾਨਕ ਤੇਰੀ ਵਡੀ ਵਡਿਆਈ' ਆਖ ਕੇ ਵਾਪਸ ਚਲੇ ਗਏ। ਸਿਧ ਅਤੇ ਲੋਕੀਂ ਸਮਝ ਗਏ ਕਿ ਸੰਸਾਰ ਸਮੁੰਦਰ ਤੋਂ ਤਰਨ ਦਾ ਰਾਹ ਸੁਰਤ ਨੇ ਸ਼ਬਦ ਵਿਚ ਟਿਕਾਣਾ ਹੈ। 'ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮ ਵਖਾਣੈ।

ਫਿਰ ਜਦ ਆਪ ਜੀ ਭਾਈ ਲਹਿਣਾ ਜੀ ਨੂੰ ਗੁਰ ਗੱਦੀ ਦੇਣ ਲਗੇ ਤਾਂ ਵੀ ਸ਼ਬਦ ਅਗੇ ਹੀ ਸਿਰ ਨਿਵਾਉਣ ਲਈ ਕਿਹਾ ਅਤੇ ਫੁਰਮਾਇਆ ਕਿ ਬਾਣੀ ਨੇ ਹੀ ਸਭ ਨੂੰ ਅਗਵਾਈ ਦੇਣੀ ਹੈ। 'ਸਬਦ ਗੁਰ ਪੀਰਾ, ਗਹਿਰ ਗੰਭੀਰਾ ਬਿਨ ਸਬਦੈ ਜਗ ਬਉਰਾਨੰ' ਜਨਮਸਾਖੀ ਵਿਚ ਲਿਖਿਆ ਹੈ ਕਿ 'ਗੁਰੂ ਨਾਨਕ ਪ੍ਰਸੰਨ ਹੋ ਕਰ ਬਾਣੀ ਦਾ ਖਜ਼ਾਨਾ ਗੁਰੂ ਅੰਗਦ ਦੇ ਹਵਾਲਾ ਕੀਤਾ' ਤੇ ਪੁਰਾਤਨ ਜਨਮ-ਸਾਖੀ ਵੀ ਕਹਿੰਦੀ ਹੈ ਕਿ 'ਤਿਤੁ ਮਹਲਿ ਜੋ ਸ਼ਬਦ ਜੋ ਪੋਥੀ ਜੁ ਬਾਨਿ ਗੁਰੂ ਅੰਗਦ ਜੋਗ ਮਿਲੀ'



www.AKJ.Org

ਮਿਹਰਬਾਨ ਜੀ ਨੇ ਵੀ ਗੋਸ਼ਟੀ ਵਿਚ ਇਸੇ ਗਲ ਦਾ ਵਰਨਣ ਕੀਤਾ ਹੈ। 'ਤਬ ਗੁਰ ਬਾਬਾ ਨਾਨਕ ਜੀ ਗੁਰੂ ਅੰਗਦ ਕਉ 'ਸ਼ਬਦ' ਕੀ ਥਾਪਨਾ ਦੇ ਕਰ ਸੰਮਤ ੧੫੯੬ ਅਸੂ ਵਦੀ ੧੦, ਦਸਮੀ ਕੋ ਆਪ ਸਚਖੰਡ ਸਿਧਾਰੇ।' ਗਲ ਕੀ, ਸ਼ਬਦ ਨੂੰ ਯੋਗ ਤੇ ਮਹੱਤਵਪੂਰਨ ਥਾਂ ਗੁਰੂ ਨਾਨਕ ਜੀ ਨੇ ਹੀ ਦੇਣਾ ਆਰੰਭ ਕਰ ਦਿਤਾ ਸੀ।

ਗੁਰੂ ਅਰਜਨ ਤਕ ਇਹ ਹੀ ਮਰਯਾਦਾ ਪੱਕੀ ਹੋ ਗਈ ਤੇ ਗੁਰੂ ਅਰਜਨ ਨੇ ਬਖ਼ਸ਼ਸ਼ ਕਰਦੇ ਹੋਏ ਸਾਰੀ ਬਾਣੀ ਜੋ ਪੋਥੀਆਂ ਦੀ ਸ਼ਕਲ ਵਿਚ ਉਹਨਾਂ ਕੋਲ ਸੀ ਉਸ ਨੂੰ 'ਪੋਥੀ' ਸਾਹਿਬ ਵਿਚ ਸੰਪਾਦਤ ਕੀਤਾ। ਗੁਰੂ ਨਾਨਕ ਜੀ ਉਦਾਸੀਆਂ ਸਮੇਂ ਪ੍ਰਸਿਧ ਭਗਤਾਂ ਦੀ ਬਾਣੀ ਵੀ 'ਕਿਤਾਬ' ਵਿਚ ਦਰਜ਼ ਕਰਦੇ ਜਾਂਦੇ ਸਨ। ਭਾਈ ਗੁਰਦਾਸ ਜੀ ਦੀ ਗਵਾਹੀ ਅਨੁਸਾਰ ਕਿਤਾਬ ਸਦਾ ਉਹ ਪਾਸ ਹੀ ਰਖਦੇ ਸਨ। ਪਹਿਲੀ ਉਦਾਸੀ ਸਮੇਂ ਹੀ ਆਪ ਜੀ ਨੇ ਭਗਤ ਕਬੀਰ ਜੀ, ਭਗਤ ਰਵਿਦਾਸ, ਜੈਦੇਵ ਜੀ, ਨਾਮ ਦੇਵ ਜੀ, ਬੇਦੀ ਜੀ, ਰਾਮਾ ਨੰਦ ਜੀ, ਭੀਖਨ ਜੀ, ਪਰਮਾ ਨੰਦ ਜੀ, ਸੂਰ ਦਾਸ ਜੀ ਤੇ ਭਗਤ ਧੰਨਾ ਜੀ ਦੀ ਬਾਣੀ ਦਰਜ ਕਰ ਲਈ ਤੇ ਤੀਜੀ ਉਦਾਸੀ ਸਮੇਂ ਬਾਬਾ ਫਰੀਦ ਜੀ ਤੇ ਭਗਤ ਸਧਨਾਂ ਜੀ ਦੀ ਬਾਣੀ ਲਿਖ ਲਿਆਂਦੀ। ਇਹੀ ਸੀ ਸਾਰਾ ਖਜ਼ਾਨਾ ਜਿਸ ਦਾ ਜ਼ਿਕਰ ਜਨਮਸਾਖੀਆਂ ਵਾਲਿਆਂ ਕੀਤਾ ਹੈ। ਫਿਰ ਗੁਰੂ ਅੰਗਦ ਦੇਵ ਜੀ ਨੂੰ ਤੇ ਉਨ੍ਹਾਂ ਗੁਰੂ ਨਾਨਕ ਜੀ ਨੇ ਆਪਣੇ ੬੧ ਸਲੋਕ ਦਰਜ ਕਰਕੇ ਗੁਰੂ ਅਮਰਦਾਸ ਜੀ ਨੂੰ ਦੇ ਦਿੱਤਾ। ਗੁਰੂ ਅਮਰਦਾਸ ਜੀ ਨੇ ਸਿਵਾਏ ਤਿਲੰਗ ਤੇ ਤੁਖਾਰੀ ਰਾਗਾਂ ਦੇ ਬਾਕੀ ਉਨ੍ਹਾਂ ਹੀ ਰਾਗਾਂ ਵਿਚ ਬਾਣੀ ਉਚਾਰ ਕੇ ਪਿਉ ਦਾਦੇ ਦਾ ਖਜ਼ਾਨਾ ਗੁਰੂ ਰਾਮਦਾਸ ਜੀ ਨੂੰ ਬਖਸ਼ਿਆ। ਗੁਰੂ ਰਾਮਦਾਸ ਜੀ ਨੇ ਉਨ੍ਹਾਂ ੧ ਰਾਗਾਂ ਤੇ ਹੋਰ ੧੧ ਰਾਗਾਂ ਵਿੱਚ ਬਾਣੀ ਲਿਖ ਕੇ ਸਾਰੀਆਂ ਪੋਥੀਆਂ ਗੁਰੂ ਅਰਜਨ ਜੀ ਨੂੰ ਦੇ ਦਿੱਤੀਆਂ ਉਨ੍ਹਾਂ ਨੇ ਆਪਣੀ ਹੀ ਨਿਗਰਾਨੀ ਵਿੱਚ ਭਾਈ ਗੁਰਦਾਸ ਜੀ ਨੂੰ ਲਿਖਣ ਦਾ ਕੰਮ ਸੌਂਪਿਆ। ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਤੋਂ ਇਲਾਵਾ ਆਪ ਜੀ ਨੇ ਆਪਣੀ ਸੱਤਾ ਬਲਵੰਡ ਜੀ ਦੀ ਆਖੀ ਵਾਰ, ਸੁੰਦਰ ਦਾ ਲਿਖਿਆ ਰਾਮਕਲੀ ਵਿੱਚ ਸਦ ਤੇ ਭੱਟਾਂ ਦੇ ਉਚਾਰੇ ਕੁਲ ੧੨੩ ਸਵਈਏ ਦਰਜ ਕਰਕੇ ਆਦਿ ਗ੍ਰੰਥ ਭਾਦਰੋਂ ਦੀ ਏਕਮ ਨੂੰ ਸੰਪੂਰਨ ਕੀਤਾ ਤੇ ਪੂਰੇ ੧੫ ਦਿਨਾਂ ਬਾਅਦ ਭਾਦਰੋਂ ਸੁਦੀ ਏਕਮ ਨੂੰ ਹਰਮੰਦਰ ਸਾਹਿਬ ੧੬੦੪ ਈ: ਨੂੰ ਪਰਕਾਸ਼ ਕੀਤਾ ਤੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ। ਉਸ ਦਿਨ ਵਾਕ ਆਇਆ ਸੀ: ਵਿਚਿ ਕਰਤਾ ਪੁਰਖ ਖਲੋਆ। ਵਾਲ ਨ ਵਿੰਙਾ ਹੋਆ।

ਗੁਰੂ ਅਰਜਨ ਜੀ ਨੇ ਅੰਤਕਾ 'ਮੁਦਾਵਣੀ' ਪਾ ਕੇ ਸਾਰੇ ਵਿਸ਼ਵ ਲਈ ਆਤਮਕ ਠੰਡ ਪ੍ਰਾਪਤ ਕਰਨ ਦੀ ਜੁਗਤੀ ਦੱਸੀ। ਮੁੰਦਾਵਨੀ ਸੰਸਕ੍ਰਿਤ ਦੇ ਅੱਖਰ ਮੁਦ੍ਰ ਤੋਂ ਬਣਿਆ ਹੈ। ਮੁਦ੍ਰ ਦੇ ਅਰਥ ਹਨ ਪ੍ਰਸੰਨ ਕਰਨਾ ਅਤੇ ਮੁੰਦਾਵਣੀ ਦਾ ਭਾਵ ਹੈ 'ਆਤਮਕ ਪ੍ਰਸੰਨਤਾ ਦੇਣ ਵਾਲੀ ਵਸਤੂ।' ਆਤਮਕ ਪ੍ਰਸੰਨਤਾ ਤਾਂ ਹੀ ਮਿਲੇਗੀ ਜੇ ਪੁਰਸ਼ ਹਿਰਦੇ ਰੂਪ ਥਾਲ ਵਿੱਚ ਉੱਚਾ ਆਚਰਨ, ਸੰਤੋਖ ਤੇ ਸੂਝ ਸੰਭਾਲ ਰਖੇਗਾ। ਆਦਿ ਗੁਰੂ ਗ੍ਰੰਥ ਸਾਹਿਬ ਉਸੇ ਖਾਪੇ ਦਾ ਇਕ ਸਫਲ ਯਤਨ ਹੈ।

'ਥਾਲ ਵਿਚ ਤਿੰਨਿ ਵਸਤੂ ਪਈਓ, ਸਤੁ ਸੰਤੋਖ ਵੀਚਾਰੋ' ਅਤੇ ਕੋਈ ਪੁਰਸ਼ ਇਨ੍ਹਾਂ ਨੂੰ ਤਿਆਗ ਕੇ ਸੁਖ ਨਹੀਂ ਲੈ ਸਕਦਾ। ਇਸੇ ਦੀ ਬਰਕਤ ਸਦਕਾ ਪ੍ਰਭੂ ਦੇ ਦਰ ਜਾਕੇ ਘੁੱਪ ਹਨੇਗਾ ਤੇ ਸੰਸਾਰ ਤਰਿਆ ਜਾ ਸਕੇਗਾ। ਇਸੇ ਕਰਕੇ ਪਰਮਾਤਮਾਂ ਹੀ ਪਰਮਾਤਮਾਂ ਹਰ ਥਾਂ ਦਿਸੇਗਾ। ਜ਼ਿੰਦਗੀ ਦਾ ਮੂਲ ਹੈ ਪਰਮਾਤਮਾ ਤੇ ਉਸਦਾ ਪ੍ਰਕਾਸ਼ ਹਰ ਥਾਂ ਦੇਖਣਾ।

'ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ' ਇਹ ਹੀ ਜਪ, ਸਿਮਰਨ, ਨਾਮ, ਰਜ਼ਾ, ਨਦਰ ਦਾ ਸਿੱਟਾ ਹੈ। ਚਹੁੰਆਂ ਗੁਰੂ ਸਾਹਿਬਾਨ ਨੇ ਕੁਲ ਰਲਾ ਕੇ ੩੦ ਰਾਗਾਂ ਵਿੱਚ ਬਾਣੀ ਲਿਖੀ ਹੈ। ਗੁਰੂ ਸਾਹਿਬਾਂ ਨੇ ਇਨੀ ਇਹਤਿਹਾਤ ਵਰਤੀ ਕਿ ਕੋਈ ਭੜਕਾਊ, ਗਰਮਾਊ, ਅਤਿ ਸੋਗ ਤੇ ਅਤਿ ਹਰਖ ਦਾ ਰਾਗ ਨਹੀਂ ਵਰਤਿਆ। ਸਿਖੀ ਨ ਤਾਂ



www.AKJ.Org

ਸੋਗ ਦਾ ਨਾਮ ਹੈ ਤੇ ਨ ਹੀ ਆਫ਼ਰ ਆਫ਼ਰ ਫਿਰਨ ਦਾ। ਸਿਖੀ ਸਹਿਜ ਹੈ। ਮੀਰਾਂ, ਚੰਡੀਦਾਸ ਤੇ ਚੇਤਨ ਦੀ ਰਚਨਾ ਨੂੰ ਦਰਜ ਕਰਨ ਦਾ ਇਕ ਵਡਾ ਕਾਰਨ ਇਹ ਹੀ ਹੈ ਕਿ ਉਹ ਜਜ਼ਬੇ ਦੇ ਵੇਗ ਨੂੰ ਰੋਕ ਨ ਸਕੇ। ਜਜ਼ਬਾ ਡੁਲ ਡੁਲ ਪੈਣਾ ਸਿਖੀ ਦਾ ਰਾਹ ਨਹੀਂ ਹੈ। ਸਿੱਖ ਸਮੁੰਦਰ ਵਾਂਗੂ ਸ਼ਾਂਤ ਹੈ। ਸਮੁੰਦਰ ਨੇ ਕਦੇ ਕਿਸੇ ਦੇ ਕੰਢੇ ਨਹੀਂ ਭੰਨੇ। ਜੇ ਗੁਰੂ ਮਾਲਕ ਨੇ ਦੀਪਕੀ ਵਰਤੀ ਹੈ ਤਾਂ ਨਾਲ ਗਉੜੀ ਗੰਭੀਰ ਰਲਾ ਕੇ। ਮੇਘ ਦੀ ਥਾਂ ਗੌਂਡ ਤੇ ਸਾਰੰਗ ਦਾ ਸੰਗਮ ਮਲ੍ਹਾਰ ਵਰਤ ਕੇ ਖੁਸ਼ੀ ਚਾਅ ਪਰਗਟਾਇਆ ਹੈ।

ਗੁਰੂ ਨਾਨਕ ਜੀ ਨੇ ਸੰਸਾਰ ਦੀ ਨਜ਼ਰ ਵਿਚ ਨੀਵਿਆਂ ਦੀ ਬਾਣੀ ਇਕੋ ਥਾਂ ਦਰਜ ਕਰਕੇ ਧਰਮਾਂ ਦੇ ਇਤਿਹਾਸ ਵਿਚ ਇਕ ਨਵਾਂ ਤਜਰਬਾ ਕੀਤਾ। ਹਿੰਦੁਸਤਾਨ ਅਜ ਜਿਸ ਭਾਵਕ ਏਕਤਾ (ਇਮੋਸ਼ਨਲ ਇੰਟੇਗ੍ਰੇਸ਼ਨ) ਲਈ ਤੜਪ ਰਿਹਾ ਹੈ ਤੇ ਸੰਸਾਰ ਮਿਲਤ (ਕੋ-ਐਗਸਿਸਟੈਂਸ) ਲਈ ਤਰਲੇ ਲੈ ਰਿਹਾ ਹੈ, ਉਹ ਤਦ ਹੀ ਹੋਵੇਗੀ ਜੇ ਗੁਰੂ ਗਰੰਥ ਸਾਹਿਬ ਲਈ ਵਰਤਿਆ ਗਿਆ ਨੁਸਖਾ ਅਪਣਾਏਗਾ। ਗੁਰੂ ਮਾਲਕ ਦਾ ਸਿਧਾਂਤ ਸੀ ਕਿ ਹਰ ਇਕ ਨੂੰ ਹਕ ਹੈ ਆਪਣਾ ਸਾਜ਼ ਵਜਾਉਣ ਦਾ, ਸੁਰ ਕੱਢਣ ਦਾ ਪਰ ਇਹ ਕਿਸੇ ਨੂੰ ਇਜਾਜ਼ਤ ਨਹੀਂ ਦਿਤੀ ਜਾਂ ਦਿਤੀ ਜਾ ਸਕਦੀ ਕਿ ਦੂਸਰੇ ਨੂੰ ਵਜਾਉਣ ਤੋਂ ਰੋਕੇ, ਜਾਂ ਬੇਸੁਰਾ ਕਰੇ, ਇਹ ਨਿਰੋਲ ਗੁਰੂ ਗਰੰਥ ਸਾਹਿਬ ਹੀ ਹੈ ਜਿਥੇ ਹਰ ਇਕ ਨੇ ਆਪਣੀ ਵਿਚਾਰ ਨਿਝੱਕ ਹੋ ਦਸੀ ਹੈ। ਇਥੇ ਬਾਬਾ ਫਰੀਦ ਜੀ ਆਖਦੇ ਹਨ—

ਉਠ ਫਰੀਦਾ ਉਜੂ ਸਾਜਿ, ਸੁਬਾਹ ਨਿਵਾਜ ਗੁਜਾਰਿ
ਜੋ ਸਿਰੁ ਸਾਂਈ ਨਾ ਨਿਵੈ,ਸੋ ਸਿਰ ਕਪਿ ਉਤਾਰਿ।'

ਅਤੇ

'ਫਰੀਦਾ ਬੇਨਿਵ ਜਾ ਕੁਤਿਆ ਏ ਨ ਭਲੀ ਰੀਤਿ।
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ।੭੦।

ਫਿਰ ਆਪਣੇ ਮਤ ਅਨੁਸਾਰ ਆਖਦੇ ਹਨ ਕਿ ਜਿਨ੍ਹਾਂ ਕਬਰਾਂ ਨੂੰ ਤੂੰ ਨਫ਼ਰਤ ਕਰਦਾ ਹੈਂ, ਰੂਹਾਂ ਉਥੇ ਸਦਾ ਲਈ ਜਾ ਬੈਠਣਗੀਆਂ।

'ਗੋਰਾਂ ਸੇ ਨਿਮਾਣੀਆਂ ਬਹਸਨਿ ਰੂਹਾਂ ਮਲਿ।੬੭।

ਜੇ ਇਨ੍ਹਾਂ ਦਾ ਆਖਰੀ ਅਮਲ ਹੋਵੇ ਤਾਂ ਹਰ ਇਕ ਸਿਖ ਨੂੰ ਪੰਜ ਵਾਰੀ ਨਿਮਾਜ਼ ਤੇ ਮਸੀਤ ਜਾਣਾ ਚਾਹੀਦਾ ਹੈ ਪਰ ਇਹ ਤਾਂ ਗੁਰੂ ਪਾਤਸ਼ਾਹ ਧਰਮ ਦੀ ਸਾਂਝ, ਭਾਵਕ ਏਕਤਾ ਦੀ ਜਾਚ ਤੇ ਮਿਲਤ ਦਾ ਢੰਗ ਸਿਖਾ ਰਹੇ ਹਨ। ਮੰਤਵ ਮਕਸਦ ਤੇ ਨਿਸ਼ਾਨਾ ਤਾਂ ਅੱਲਾ ਪਾਕ ਦੀ ਯਾਦ ਤੇ ਪ੍ਰਭੂ ਦਾ ਸਿਮਰਨ ਹੈ। ਫ਼ਰੀਦ ਜੀ ਉਸ ਲਈ ਆਪਣੇ ਢੰਗ ਨਾਲ ਜ਼ੋਰਦਾਰ ਆਵਾਜ਼ ਉਠਾਂਦੇ ਹਨ ਤੇ ਉਹਨਾਂ ਨੂੰ ਪੂਰਾ ਹੱਕ ਹੈ।

ਬੋਲੀ ਬਾਰੇ ਵੀ ਗੁਰੂ ਗਰੰਥ ਸਾਹਿਬ ਨੇ ਸਦੀਆਂ ਦਾ ਕੜ ਤੋੜਿਆ ਹੈ। ਈਸਾਈ ਖ਼ੁਦਾ ਦੀ ਬੋਲੀ ਲਾਤੀਨੀ, ਮੁਸਲਮਾਨ ਅਰਬੀ ਤੇ ਹਿੰਦੂ ਦੇਵ ਬਾਣੀ ਸੰਸਕ੍ਰਿਤ ਸਮਝਦੇ ਸਨ। ਗੁਰੂ ਗਰੰਥ ਨੇ ਸਮਝਾਇਆ ਕਿ ਅਲਾਹ, ਪਰਮਾਤਮਾਂ, ਵਾਹਿਗੁਰੂ ਦੀ ਕੋਈ ਬੋਲੀ ਨਹੀਂ, ਉਸਦੀ ਬੋਲੀ ਸਿਰਫ ਪਿਆਰ ਹੈ, ਇਸੇ ਲਈ ਗੁਰੂ ਗਰੰਥ ਸਾਹਿਬ ਵਿਚ ਹਰ ਪ੍ਰਾਂਤ ਹਰ ਦੇਸ਼, ਹਰ ਇਲਾਕੇ ਤੇ ਹਰ ਧਰਮ ਦੇ ਸ਼ਬਦ ਵਰਤੇ; ਡਾਕਟਰ ਸੀਤਾ ਰਾਮ ਬਾਹਰੀ ਨੇ ਬਹੁਤ ਸੁੰਦਰ ਗਲ ਆਖੀ ਕਿ ਜੇ ਕਦੇ ਹਿੰਦੁਸਤਾਨ ਨੇ ਇਕ ਸਾਂਝੀ ਬੋਲੀ ਅਪਨਾਈ ਤਾਂ ਉਹ ਸੁਖਮਨੀ ਸਾਹਿਬ ਵਾਲੀ ਹੀ ਹੋਵੇਗੀ। ਇਕ ਗਲ ਹੋਰ ਜੇ ਕੋਈ ਇਸ ਨੂੰ ਧਰਮ ਪੁਸਤਕ ਕਹਿ ਕੇ ਸਿਰ ਨ ਵੀ ਨਿਵਾਏ ਤਾਂ ਵੀ ਉਸ ਨੂੰ ਇਸ ਦੇ ਸਾਹਿਤਕ ਸਵਾਦ ਤੇ ਆਤਮਕ ਬੁਲੰਦੀ ਅਗੇ ਸਿਰ ਝੁਕਾਉਣਾ ਹੀ ਪਵੇਗਾ। ਸਚ ਦਾ ਸਹੀ ਸਰੂਪ ਗੁਰੂ ਗਰੰਥ ਸਾਹਿਬ ਬਗੈਰ ਲਭਣਾ ਅਸੰਭਵ ਹੈ।

ਸੋ ਗੁਰੂ ਅਰਜਨ ਸਾਹਿਬ ਨੇ ਐਸੇ ਗੁਰੂ ਨੂੰ ਹਰਮੰਦਰ ਸਾਹਿਬ ਵਿਚ ਪ੍ਰਕਾਸ਼ ਕਰਕੇ ਸਾਰੇ ਜਗਤ ਉਤੇ ਇਕ ਸਦੀਵੀ ਪਰਉਪਕਾਰ ਕੀਤਾ ਹੈ। ਇਤਿਹਾਸ ਕਹਿੰਦਾ ਹੈਕਿ ਆਪਣੇ ਲਈ ਗੁਰੂ ਅਰਜਨ



www.AKJ.Org

ਜੀ ਨੇ ਲਾਗੇ ਹੀ ਇਕ ਟੋਆ (ਗੜ੍ਹਾ) ਖੁਦਵਾਇਆ ਤੇ ਉਸ ਵਿਚ ਆਪ ਜੀ ਆਸਨ ਲਗਾ ਬੈਠੇ ਉਹਨਾਂ ਦਾ ਭਾਵ ਸੀ ਕਿ ਅਸਲ ਗੁਰੂ ਸ਼ਬਦ ਹੈ ਤੇ ਉਸੇ ਦਾ ਸਤਕਾਰ ਜ਼ਰੂਰੀ ਹੈ। ਗੁਰੂ ਦੇ ਸਰੀਰ ਨੂੰ ਵੇਖਣ ਦੀ ਲੋੜ ਨਹੀਂ। ਸਰੀਰ ਨਾਸ਼ਵੰਤ ਹੈ, ਸ਼ਬਦ ਸਦੀਵੀ ਹੈ। ਬਾਣੀ ਸੂਖਮ ਹੈ ਤੇ ਆਤਮਾਂ ਵੀ ਸੂਖਮ ਹੈ। ਮੇਲ ਦੋਨਾਂ ਦਾ ਕਰਨਾ ਤੇ ਕਰਾਉਣਾ ਹੈ।

ਇਸੇ ਹੀ ਵਿਚਾਰਧਾਰਾ ਦਾ ਪ੍ਰਚਾਰ ਛੇਵੇਂ, ਸਤਵੇਂ ਤੇ ਅਠਵੇਂ ਪਾਤਸ਼ਾਹ ਨੇ ਕੀਤਾ। ਨਾਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ੫੭ ਸਲੋਕ ਤੇ ੩੧ ਸ਼ਬਦ ਰਲਾ ਕੇ ਇਸ ਆਦਿ ਗ੍ਰੰਥ ਨੂੰ ਅੱਜ ਦਾ ਸਰੂਪ ਦਿੱਤਾ। ਇਕ ਹੋਰ ਰਾਗ ਜੈਜਾਵੰਤੀ ਵੀ ਆਪ ਜੀ ਨੇ ਵਰਤਿਆ। ਗੁਰੂ ਗੋਬਿੰਦ ਸਿੰਘ ਜੀ ਨੇ 'ਸਰੀਰਕ ਗੁਰੂ' ਨੂੰ ਸੰਕੋਚ ਲਿਆ ਤੇ ਜੁਗਤ ਪੰਥ ਦੇ ਹਵਾਲੇ ਕਰ ਦਿੱਤੀ ਤੇ ਜੋਤ 'ਗ੍ਰੰਥ' ਨੂੰ ਬਖਸ਼ੀ। ਸ਼ਬਦ ਨੂੰ ਹੀ ਸਦੀਵੀ ਗੁਰੂ ਥਾਪ ਦਿੱਤਾ। ਉੱਚੀ, ਅਟੱਲ ਤੇ ਸਥਿਰ ਥਾਂ ਪ੍ਰਦਾਨ ਕਰ ਦਿੱਤੀ। ਮਹਿਮਾਂ ਪ੍ਰਕਾਸ਼ ਵਾਲਾ ਕਹਿੰਦਾ ਹੈ, 'ਅੰਤ ਸਮੇਂ ਸਿਖਾਂ ਨੇ ਪੂਛਾ, ਜੀ ਅਬ ਦਰਸ਼ਨ ਕਹਾਂ ਕਰਹਿ। ਸਤਿਗੁਰ ਦੀਨ ਦਇਆਲ ਬਚਨ ਕੀਆ ਜੋ ਦਸ ਗੁਰੂ ਹਮਾਰੇ ਪੂਰਨ ਭਏ ਅਬ ਮੇਰਾ ਜ਼ਾਹਰਾ (ਰੂਪ) ਗੁਰੂ ਗ੍ਰੰਥ ਸਾਹਿਬ ਕੋ ਜਾਣਨਾ। ਜਿਸਨੇ ਮੇਰੇ ਸੇ ਬਾਤ ਕਰਨੀ ਹੋਇ ਤੋ ਆਦਿ ਗੁਰੂ ਗ੍ਰੰਥ ਸਾਹਿਬ ਕਾ ਪਾਠ ਕਰਨਾ। ਮੇਰੇ ਸੇ ਬਾਤਾਂ ਹੋਵੇਗੀ' ; ਫਿਰ ਫੁਰਮਾਇਆ 'ਦਰਸ਼ਨ ਖਾਲਸੇ ਕਾ, ਪੂਜਾ ਅਕਾਲ ਕੀ ਅਤੇ ਪਰਚਾ ਸ਼ਬਦ ਕਾ', ਮਨ ਸਿਰਫ ਸ਼ਬਦ ਵਿਚ ਹੀ ਤੇ ਸ਼ਬਦ ਰਾਹੀਂ ਹੀ ਪਰਚਾਉਣਾ। ਭਾਈ ਚੋਪਾ ਸਿੰਘ ਜੀ ਨੇ ਦੋ ਅਖਰੀ ਗਲ ਲਿਖੀ ਕਿ 'ਆਗਿਆ ਗੁਰੂ ਗ੍ਰੰਥ ਸਾਹਿਬ ਕੀ ਮੰਨਣੀ।' ਇਨ੍ਹਾਂ ਹੁਕਮਾਂ ਉਤੇ ਸਿਖਾਂ ਨੇ ਪੂਰਾ ਪਹਿਰਾ ਦਿੱਤਾ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੋ ਕੇ ਉਸ ਨੇ ਗੁਰੂ ਨੂੰ ਪਰਤੱਖ ਕਰ ਲਿਆ। ਗੁਰੂ ਗ੍ਰੰਥ ਦੀ ਹਜ਼ੂਰੀ ਵਿੱਚ ਫੈਸਲੇ ਕਰਕੇ ਉਨ੍ਹਾਂ ਨੂੰ ਗੁਰੂ ਦੀ ਆਵਾਜ਼, ਰਾਇ ਤੇ ਫੈਸਲੇ ਕਹਿ ਕੇ 'ਗੁਰਮਤਾ' ਆਪ ਸਤਿਕਾਰਿਆ, ਹਰ ਭੀੜ ਤੇ ਸੰਕਟ ਵਿਚ 'ਗੁਰੂ' ਨੇ ਅਗਵਾਈ ਕੀਤੀ। ਹੁਣ ਵੀ ਕਰ ਰਿਹਾ ਹੈ, ਸਿਰਫ ਇਸਦੇ ਤਾਬੇ ਦੀ ਲੋੜ ਹੈ।

—o—

# * ਰੈਣ ਸਬਾਈ ਕੀਰਤਨ *

ਭਾਈ ਗੁਲਾਬ ਸਿੰਘ ਜੀ ਭਾਟੀਆ ਧੰਨਬਾਦ ਤੋਂ ਸੂਚਨਾ ਦੇਂਦੇ ਹਨ ਕਿ ਦਾਸ ਦੇ ਗ੍ਰਹਿ ਵਿਖੇ **21** ਮਈ ਪੂਰਨਮਾਸ਼ੀ ਦੀ ਰਾਤ ਨੂੰ ਅਦੁਤੀ ਰੈਣ ਸਬਾਈ ਕੀਰਤਨ ਹੋਏ ਜਿਸ ਵਿਚ ਗੁਰਮੁਖ ਪਿਆਰੇ ਸ: ਗਿਆਨ ਸਿੰਘ ਜੀ ਸਿੰਦਰੀ, ਗਿਆਨੀ ਪ੍ਰੀਤਮ ਸਿੰਘ ਜੀ ਗੁਰ ਨਾਨਕਪੁਰਾ ਧੰਨਬਾਦ, ਗਿਆਨੀ ਅਮਰ ਸਿੰਘ ਜੀ ਤੇ ਹੋਰ ਬੇਅੰਤ ਸੰਗਤਾਂ ਨੇ ਝੂਮ ਝੂਮ ਵਾਹਿਗੁਰੂ ਦੀ ਧੁਨ ਅੰਦਰ ਰਸ ਮਾਣਿਆ। ਅਗੋਂ **4.6.70** ਦੀ ਰਾਤ ਨੂੰ ਕੀਰਤਨ ਸਮਾਗਮ ਸ੍ਰ: ਹਰਭਜਨ ਸਿੰਘ ਜੀ ਬਜ਼ਾਜ਼ ਫੂਸ ਬੰਗਲਾ ਸਿੰਦਰੀ ਰੋਡ ਦੇ ਗ੍ਰਹਿ ਵਿਖੇ ਹੋਣਗੇ। ਸੰਗਤਾਂ ਹੁਮ ਹੁਮਾ ਕੇ ਹਾਜ਼ਰੀਆਂ ਭਰਨ ਤੇ ਗੁਰੂ ਜਸ ਸਰਵਨ ਕਰਕੇ ਲਾਹਾ ਲੈਣ ਤੇ ਆਪਣਾ ਜਨਮ ਸਫ਼ਲਾ ਕਰਨ।



www.AKJ.Org

# ਨਿਰੋਲ ਗੁਰਬਾਣੀ

( ਵਲੋਂ–ਭਾਈ ਜਗਤ ਸਿੰਘ ਜੀ 'ਜਗਤ' ਫਤੋਵਾਲ )

ਕਲਜੁਗ ਦੇ ਘੋਰ ਪਾਪਾਂ ਨੂੰ ਠਲਨ ਲਈ ਅਕਾਲ ਪੁਰਖ ਜੀ ਨੇ ਆਪਣੀ ਜੋਤ ਵਿਚੋਂ ਜੋਤ ਪ੍ਰਗਟਾ ਕੇ ਸਤਿਗੁਰ ਨਾਨਕ ਦੇਵ ਜੀ ਨੂੰ ਹਿੰਦੁਸਤਾਨ ਦੀ ਪਾਵਨ ਧਰਤੀ ਰਾਏ ਭੋਏ ਦੀ ਤਲਵੰਡੀ ਨਨਕਾਣਾ ਸਾਹਿਬ ਵਿਖੇ ਜ਼ਹੂਰ ਪਜ਼ੀਰ ਕੀਤਾ। ਹਿੰਦੂ ਤੁਰਕਾਂ ਦੀਆਂ ਮਨਮਤ ਲੀਹਾਂ ਮੇਟ ਕੇ ਗੁਰੂ ਬਾਬਾ ਜੀ ਨੇ ਸਿਖ ਪੰਥ ਆਪਣੀ ਸਿਖਿਆ ਦੁਆਰਾ ਚਲਾਇਆ। ਧੁਰ ਕੀ ਬਾਣੀ ਦੇ ਅਗੰਮੀ ਕੀਰਤਨ ਰਸ ਨਾਲ ਸਤਿਗੁਰ ਨਾਨਕ ਦੇਵ ਜੀ ਨੇ ਇਕੋ ਜਾਲੋ ਜਮਾਲ ਹੋਰ ਪ੍ਰਾਪਤ ਕੀਤਾ। ਕਲਜੁਗ ਨੇ ਮਨੁਖਤਾ ਦਾ ਖੂਨ ਨਚੋੜ ਛਡਿਆ ਸੀ ਉਸ ਨੂੰ ਜੋੜਿਆਂ ਵਿਚ ਖੜਾ ਕਰ ਛਡਿਆ ਤੇ ਆਪਣੇ ਗੁਰਸਿਖਾਂ ਨੂੰ ਰੱਬੀ ਕੀਰਤਨ ਰਸ ਨਾਲ ਸ਼ਬਦ ਰੂਪ ਅਕਾਲ ਪੁਰਖ ਨਾਲ ਅਭੇਦ ਕਰ ਦਿਤਾ। ਬਾਬਰ ਜਿਸ ਨੇ ਹਿੰਦੂਆਂ ਨੂੰ ਸਦਾ ਮੇਟਨ ਦਾ ਪਰੋਗਰਾਮ ਬਣਾ ਛਡਿਆ ਸੀ, ਗੁਰੂ ਨਾਨਕ ਸਾਹਿਬ ਤੋਂ ਪਾਵਨ ਬਾਣੀ ਸੁਣ ਕੇ ਕੀਤੇ ਪਾਪਾਂ ਤੇ ਪਛਤਾਇਆ ਤੇ ਅਗੇ ਨੂੰ ਜ਼ੁਲਮਾਂ ਤੋਂ ਤੋਬਾ ਕਰ ਕੇ ਇਨਸਾਫ ਕਮਾਣ ਲਗਾ। ਗੁਰੂ ਨਾਨਕ ਦੇਵ ਜੀ ਨੇ ਬਾਬਰ ਨਾਲ ਇਹ ਬਚਨ ਕੀਤਾ ਸੀ ਕਿ ਤੁਹਾਡੇ ਰਾਜ਼ ਮੰਤਰੀ ਜਿਤਨਾ ਚਿਰ ਸਿਖ ਪੰਥ ਤੋਂ ਸਚ ਦਾ ਚਾਨਣ ਲੈਂਦੇ ਰਹਿਣਗੇ ਤੇ ਜਦੋਂ ਈਰਖਾ ਪਾ ਲੈਣਗੇ ਤਾਂ ਸਾਨੂੰ ਵੀ ਰਬੀ ਹੁਕਮ ਅਨੁਸਾਰ ਧਰਮ ਰਖਿਆ ਲਈ ਹਕੂਮਤ ਦੇ ਸੁਧਾਰ ਹਿਤ ਹਰ ਕੁਰਬਾਨੀ ਕਰਨੀ ਪਵੇਗੀ।

ਦੋ ਤਿੰਨ ਪੀੜੀਆਂ ਬਾਬਰ ਤੇ ਬਾਬੇ ਨਾਨਕ ਦੀਆਂ ਗੱਦੀਆਂ ਵਿਚਕਾਰ ਪਿਆਰ ਤੇ ਸਤਿਕਾਰ ਬਣਿਆ ਰਿਹਾ ਤੇ ਮਨੁਖਤਾ ਹਰ ਪਾਸਿਉਂ ਸੁਖ ਦਾ ਸਾਹ ਲੈਂਦੀ ਰਹੀ। ਬਾਬਰ ਤੋਂ ਬਾਅਦ ਅਕਬਰ ਨੇ ਪਰਜਾ ਵਿਚ ਕਾਫੀ ਸ਼ਾਂਤੀ ਕਾਇਮ ਰਖਣ ਦੇ ਹੀਲੇ ਕੀਤੇ ਤੇ ਹਿੰਦੂ ਤੁਰਕ ਦੋਹਾਂ ਲਈ ਸਿਖ ਪੰਥ ਰੋਸ਼ਨ ਮੁਨਾਰਾ ਬਣਿਆ ਰਿਹਾ। ਅਕਬਰ ਰਾਜ ਗੱਦੀ ਆਪਣੇ ਪੋਤੀ ਖੁਸਰੋ (ਜਹਾਂਗੀਰ ਦੇ ਪੁਤਰ) ਨੂੰ ਦੇਣਾ ਚਾਹੁੰਦਾ ਸੀ ਪਰ ਉਸਦਾ ਸੁਪਨਾ ਪੂਰਾ ਨਾ ਹੋ ਸਕਿਆ ਤੇ ਉਹ ਦੁਨੀਆਂ ਤੋਂ ਕੂਚ ਕਰ ਗਿਆ। ਜਹਾਂਗੀਰ ਨੇ ਅਕਬਰ ਤੋਂ ਬਾਅਦ ਤਖਤ ਸੰਭਾਲ ਲਿਆ ਤੇ ਖੁਸਰੋ ਆਪਣੇ ਪੁਤਰ ਨੂੰ ਕਤਲ ਕਰਨ ਦੇ ਹੀਲੇ ਸੋਚਨ ਲਗਾ। ਖੁਸਰੋ ਲੁਕ ਛਿਪ ਕੇ ਜ਼ਿੰਦਗੀ ਨੂੰ ਬਚਾਣ ਲਗਾ। ਉਸਨੇ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਪਿਤਾ ਦੇ ਜ਼ੁਲਮੀ ਕਾਰੇ ਦਸੇ। ਖੁਸਰੋ ਗੁਰੂ ਦਰਬਾਰ ਦੀਆਂ ਖੁਸ਼ੀਆਂ ਮਾਣ ਕੇ ਅਤਿਅੰਤ ਖੁਸ਼ ਹੋਇਆ।

ਜਹਾਂਗੀਰ ਪਹਿਲਾਂ ਹੀ ਗੁਰ ਗੱਦੀ ਨੂੰ ਮਿਟਾਨ ਦੀਆਂ ਸਕੀਮਾਂ ਸੋਚ ਰਿਹਾ ਸੀ। ਉਹ ਗੁਰੂ ਘਰ ਦੀਆਂ ਵਡਿਆਈਆਂ ਸੁਣ ਸੁਣ ਕੇ ਦਿਲ ਵਿਚ ਪਕਾ ਪ੍ਰੋਗਰਾਮ ਬਣਾ ਬੈਠਾ ਸੀ ਕਿ ਮੈਂ ਹਰ ਕੋਸ਼ਿਸ਼ ਨਾਲ ਗੁਰੂ ਤੇ ਸਿਖ ਦੀ ਹੋਂਦ ਨੂੰ ਢਹਿ ਢੇਰੀ ਕਰ ਦੇਵਾਂਗਾ। ਹਰਿਮੰਦਰ ਸਾਹਿਬ ਦਾ ਬੁਨਿਆਦੀ ਪਥਰ ਗੁਰੂ ਅਰਜਨ ਦੇਵ ਜੀ ਨੇ ਸਾਈਂ ਮੀਆਂ ਮੀਰ ਮੁਸਲਮਾਨ ਕਾਮਲ ਫ਼ਕੀਰ ਤੋਂ ਰਖਵਾ ਕੇ ਸਾਂਝੀਵਾਲਤਾ ਦੀ ਪ੍ਰੇਰਨਾ ਕੀਤੀ। ਕਾਫ਼ੀ ਹਿੰਦੂ ਤੇ ਮੁਸਲਮਾਨ ਗੁਰੂ



www.AKJ.Org

ਨਾਨਕ ਦੇ ਮਿਸ਼ਨ ਨੂੰ ਸਤਿਕਾਰਦੇ ਹੋਏ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਪ੍ਰਨਾਮ ਕਰ ਰਹੇ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਈ। ਗੁਰੂ ਅਰਜਨ ਦੇਵ ਜੀ ਨੇ ੨੫ ਹਜ਼ਾਰ ਅਖਰਾਂ ਸਹਿਤ ਸੁਖਮਣੀ ਸਾਹਿਬ ਦੀ ਬਾਣੀ ਰਚਕੇ ਹਰ ਮਨੁਖੀ ਦਿਲ ਨੂੰ ਮੋਹ ਲਿਆ। ਰਾਮਦਾਸ ਸਰੋਵਰ ਦੇ ਖੁਲੇ ਇਸ਼ਨਾਲ ਕਰਕੇ ਕਾਵਾਂ ਨੂੰ ਹੰਸ ਬਣਦਿਆਂ ਦੇਖ ਜਹਾਂਗੀਰ ਜਿਹੇ ਖੁਦਗਰਜ਼ ਆਪਣੇ ਫਰਜ਼ਾਂ ਨੂੰ ਭੁਲਕੇ ਜ਼ੁਲਮੀ ਜਾਲ ਤਨ ਰਹੇ ਸਨ। ਜਹਾਂਗੀਰ ਨੂੰ ਜਦੋਂ ਪਤਾ ਲਗਾ ਮੇਰਾ ਜਾਨੀ ਦੁਸ਼ਮਨ ਗੁਰੂ ਦਰਬਾਰ ਦੀ ਓਟ ਨਾਲ ਬਚਾਉ ਸੋਚ ਰਿਹਾ ਹੈ, ਤਾਂ ਉਸ ਨੇ ਖੁਸਰੋ ਨੂੰ ਇਮਦਾਦ ਦੇਣ ਹੇਤ ਗੁਰੂ ਅਰਜਨ ਦੇਵ ਜੀ ਨੂੰ ਦੋ ਲਖ ਰੁਪੈ ਦੀ ਰਕਮ ਦਾ ਜੁਰਮਾਨਾ ਕਰ ਦਿਤਾ। ਲਹੌਰ ਦੇ ਸਰਕਾਰੀ ਅਹਿਲਕਾਰ ਚੰਦੂ ਨੂੰ ਇਹ ਰਕਮ ਵਸੂਲ ਕਰਨ ਲਈ ਸ਼ਾਹੀ ਹੁਕਮ ਤੁਰਤ ਜਾਰੀ ਕਰਵਾ ਦਿਤਾ।

ਚੰਦੂ ਪਾਪੀ ਲਾਹੌਰ ਦੇ ਰਹਿਣ ਵਾਲਾ ਸਰਕਾਰੀ ਪਿਠੂ ਸੀ। ਉਹ ਪਹਿਲਾਂ ਹੀ ਗੁਰੂ ਅਰਜਨ ਦੇਵ ਜੀ ਨੂੰ ਇਕ ਨਿਜੀ ਪ੍ਰੋਗਰਾਮ ਮਨਾਣ ਦਾ ਹੀਲਾ ਸੋਚ ਰਿਹਾ ਸੀ। ਉਸ ਦੀ ਧੀ ਦਾ ਸਾਕ ਗੁਰੂ ਜੀ ਨੇ ਸਿਖ ਸੇਵਕਾਂ ਦੇ ਹੁਕਮ ਅਨੁਸਾਰ ਨਾ ਮਨਜ਼ੂਰ ਕੀਤਾ ਸੀ ਜਿਸ ਦਾ ਬਦਲਾ ਚੰਦੂ ਪਾਪੀ ਕਿਸੇ ਵੇਲੇ ਦੀ ਉਡੀਕ ਵਿਚ ਸੀ ਤੇ ਉਹ ਵੇਲਾ ਉਸ ਨੂੰ ਸੁਖਾਂ ਸੁਖਦਿਆਂ ਮਿਲ ਗਿਆ। ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ, ਤੇ ਚੰਦੂ ਪਾਪੀ ਨੇ ਜਾਨ ਬਖਸ਼ੀ ਲਈ ਇਹ ਸ਼ਰਤਾਂ ਸਾਹਮਣੇ ਰਖੀਆਂ (੧) ਦੋ ਲਖ ਰੁਪੈ ਦਾ ਜੁਰਮਾਨਾ ਅਦਾ ਕਰੋ (੨) ਮੁਸਲਮਾਨ ਹੋ ਜਾਉ ਤੇ ਕੇਵਲ ਤੁਰਕਾਂ ਦੀ ਸਿਫਤ ਗੁਰੂ ਗਰੰਥ ਸਾਹਿਬ ਜੀ ਅੰਦਰ ਦਰਜ ਕਰੋ। (੩) ਮੇਰੀ ਧੀ ਦਾ ਸਾਕ ਕਬੂਲ ਕਰੋ। ਸਤਿਗੁਰੂ ਜੀ ਨੇ ਇਹ ਤਿਨੇ ਸ਼ਰਤਾਂ ਇਹਨਾਂ ਢੁਕਵੇਂ ਉਤਰਾਂ ਨਾਲ ਰਦ ਕਰ ਦਿਤੀਆਂ। (੧) ਅਸੀਂ ਦੋ ਲਖ ਜੁਰਮਾਨਾ ਕਿਉਂ ਭਰੀਏ ਅਸੀਂ ਤਾਂ ਇਕ ਮਜ਼ਲੂਮ ਗੁਰੂ ਦਰਬਾਰ ਆਏ ਦੀ ਰਖਿਆ ਕੀਤੀ ਹੈ ਨਾਕਿ ਜਹਾਂਗੀਰ ਦੇ ਪੁਤਰ ਖੁਸਰੋ ਦੀ। ਗੁਰੂ ਘਰ ਤਾਂ ਤਾਨ ਹੀ ਨਿਤਾਨਿਆਂ ਨੂੰ ਹੈ। (੨) ਦੂਜੀ ਸ਼ਰਤ ਅਸੀਂ ਨਾ ਹਿੰਦੂ ਨਾ ਮੁਸਲਮਾਨ ਪੱਖ ਪੂਰਕ ਹਾਂ ਅਸੀਂ ਤਾਂ ਅਕਾਲ ਪੁਰਖ ਦਾ ਹੁਕਮ ਮੰਨਣ ਵਾਲੇ ਆਗਿਆਕਾਰ ਹਾਂ। ਤੁਰਕਾਂ ਦੀ ਸਿਫਤ ਧੁਰ ਕੀ ਬਾਣੀ ਵਿਚ ਕਿਵੇਂ ਦਰਜ ਕਰੀਏ ਇਹ ਸਾਡੀ ਆਪਣੀ ਕਲਾਕਾਰੀ ਨਹੀਂ ਹੈ। ਅਸੀਂ ਇਸ ਵਿਚ ਇਕ ਅਖਰ ਵੀ ਆਪਣੇ ਪਾਸੋਂ ਨਹੀਂ ਘਟਾ ਵਧਾ ਸਕਦੇ। (੩) ਤੀਸਰੀ ਸ਼ਰਤ ਗੁਰੂ ਜੀ ਨੇ ਸਤਿ ਸੰਗਤ ਦੀ ਵਡਿਆਈ ਹਿਤ ਇਸ ਤਰ੍ਹਾਂ ਰਦ ਕੀਤੀ ਕਿ ਚੰਦੂ ਅਸੀਂ ਆਪ ਤੇਰੀ ਧੀ ਦਾ ਸਾਕ ਕਿਵੇਂ ਮਨਜ਼ੂਰ ਕਰ ਲਈਏ ਜਦ ਕਿ ਤੂੰ ਗੁਰੂ ਦਰਬਾਰ ਦੀ ਹੇਠੀ ਇਹ ਕਹਿ ਕੇ ਕਿ ਚੁਬਾਰੇ ਦੀ ਇਟ ਮੋਰੀ ਨੂੰ ਲਾ ਦਿਤੀ ਹੈ, ਕੀਤੀ ਹੈ। ਗੁਰਸਿਖਾਂ ਦੇ ਹਿਰਦੇ ਅਸ਼ਾਂਤ ਹੋਏ ਹਨ ਚੰਦੂ ਤੂੰ ਹੰਕਾਰ ਕੀਤਾ ਹੈ ਗੁਰੂ ਘਰ ਵਿਚ ਹੰਕਾਰੀ ਨੂੰ ਢੋਈ ਨਹੀਂ।

ਜਦੋਂ ਇਹ ਢੁਕਵੇਂ ਉਤਰ ਗੁਰੂ ਅਰਜਨ ਦੇਵ ਜੀ ਤੋਂ ਚੰਦੂ ਪਾਪੀ ਨੇ ਸੁਣੇ ਤਾਂ ਲਾਲ ਅੰਗਿਆਰ ਹੋ ਗਿਆ। ਛੇਤੀ ਹੀ ਗੁਰੂ ਜੀ ਨੂੰ ਉਬਲਦੀ ਦੇਗ ਵਿਚ ਬਿਠਾਇਆ ਗਿਆ, ਪਰ ਬੀਬੀ ਭਾਨੀ ਦਾ ਸੂਰਬੀਰ ਪੁਤਰ ਬਿਲਕੁਲ ਅਡੋਲ ਉਬਲਦੇ ਖੌਲਦੇ ਪਾਣੀ ਵਿਚ ਬੈਠਾ ਰਿਹਾ। ਚੰਦੂ ਨੇ ਗੁਰੂ ਜੀ ਨੂੰ ਆਪਣੇ ਇਸ਼ਟ ਤੋਂ ਡੇਗਣ ਲਈ ਤੱਤੀ ਤਵੀ ਤੇ ਬਿਠਾਇਆ। ਹੇਠ ਜ਼ੋਰਾਂ ਦੀ ਭੜਕਦੀ ਅੱਗ ਨੇ ਤਵੀ ਨੂੰ ਅੰਗਿਆਰ ਬਣਾ ਛਡਿਆ ਸੀ। ਜੇਠ ਮਹੀਨੇ ਦੀ ਕੜਕਦੀ ਧੁਪ ਤੇ ਤੱਤੀ ਤਵੀ ਤੇ ਰਬੀ ਜੋਤ ਆਪਣਾ ਸਰੀਰ ਲਾਲੋ ਲਾਲ ਕਰਕੇ ਵੀ ਅਡੋਲ ਰਹੀ। ਚੰਦੂ ਪਾਪੀ ਆਪਣੇ ਪਾਪ ਦੀ ਆਖ਼ਰੀ ਮਨਜ਼ਲ ਨੂੰ ਛੋਹਣ ਲਗਿਆ ਇਕ ਹੋਰ ਜ਼ੁਲਮੀ ਕਾਰਾ ਕਰਨ ਲਗਾ। ਉਸ ਨੇ ਜਲਾਦ ਨੂੰ ਹੁਕਮ ਦਿਤਾ ਕਿ ਤੱਤੀ ਰੇਤ ਦੇ ਕੜਛੇ ਭਰ ਭਰ ਕੇ ਪਾ ਕੇ ਤਸੀਹੇ ਦੇਵੇ।

ਚੰਦੂ ਦੇ ਸੁਪਨੇ ਕੂੜਾਵੇ ਨਜ਼ਰੀ ਆਏ, ਪੰਚਮ



www.AKJ.Org

ਪਾਤਸ਼ਾਹ ਤਾ ਸਿਖੀ ਧਰਮ ਦਾ ਪ੍ਰਚਾ ਹਲ ਕਰ ਰਹੇ ਸੀ। ਇਹ ਜ਼ੁਲਮ ਦੀ ਹੱਦ ਸੀ ਤੇ ਵੇਖਣ ਵਾਲੇ ਕੁਰਲਾ ਰਹੇ ਸੀ। ਜਿਉਂ ਜਿਉਂ ਜਲਾਦ ਗਰਮ ਰੇਤ ਦਾ ਕੜਛਾ ਸੀਸ ਤੇ ਪਾਉਂਦੇ ਇਲਾਹੀ ਮੁਖੜਿਉਂ ਵਾਹਿਗੁਰੂ ਵਾਹਿਗੁਰੂ ਦਾ ਵਾਜਾ ਆ ਰਿਹਾ ਸੀ। ਸਾਈਂ ਮੀਆਂਮੀਰ ਇਹ ਜ਼ੁਲਮੀ ਕਾਰਾ ਦੇਖਕੇ ਬੇਹਾਲ ਹੋ ਗਿਆ ਤੇ ਗੁਰੂ ਅਰਜਨ ਦੇਵ ਜੀ ਪਾਸੋਂ ਆਗਿਆ ਮੰਗਨ ਲਗਾ । ਮੀਆਂ ਮੀਰ ਕਿਸੇ ਅਗੰਮੀ ਜੋਸ਼ ਵਿਚ ਭੜਕਿਆ ਤੇ ਕਹਿਨ ਲਗਾ। ਮੇਰੇ ਮਾਲਕਾ ਇਕ ਵਾਰੀ ਹੁਕਮ ਕਰ ਅਜ ਲਾਹੌਰ ਤੇ ਦਿਲੀ ਨੂੰ ਭੇੜ ਭੇੜ ਕੇ ਇਸ ਜ਼ਾਲਮ ਕਾਰੇ ਦਾ ਬਦਲਾ ਲਵਾਂ ਤੇ ਕਾਫਰ ਬੰਦਿਆਂ ਦਾ ਖੁਰਾ ਖੋਜ ਮਿਟਾ ਦੇਵਾਂ। ਜਾਣੀ ਜਾਣ ਗੁਰੂ ਜੀ ਨੇ ਮੀਆਂ ਮੀਰ ਨੂੰ ਭਾਣਾ ਮਨਣ ਦੀ ਪਰੇਰਨਾ ਕੀਤੀ। ਲਾਹੌਰ ਸ਼ਹਿਰ ਗੁਰੂ ਜੀ ਦੀ ਉਂਗਲ ਤੇ ਘੁਮਾ ਕੇ ਵੇਖ ਮੀਆਂ ਮੀਰ ਬਦਲਾ ਲੈਣ ਦੀ ਖਾਹਿਸ਼ ਭੁਲ ਗਿਆ ਤੇ ਗੁਰੂ ਜੀ ਦੀ ਕਿਰਤ ਤੋਂ ਅਸ਼ ਅਸ਼ ਕਰ ਉਠਿਆ ।

ਜਦੋਂ ਚੰਦੂ ਨੇ ਆਖਰੀ ਹੁਕਮ ਜਾਰੀ ਕੀਤਾ, ਕਿ ਗੁਰੂ ਜੀ ਨੂੰ ਗਊ ਦੇ ਕਚੇ ਚਮੜੇ ਵਿਚ ਸਿਉਂ ਕੇ ਦੁਖ ਤਸੀਹੇ ਦੇ ਕੇ ਸ਼ਰਤਾਂ ਮਨਵਾਣੀਆਂ ਹਨ ਤਾਂ ਸਤਿਗੁਰੂ ਜੀ ਆਪਣੀ ਇਛਿਆ ਅਨੁਸਾਰ ਰਾਵੀ ਦਰਿਆ ਤੇ ਇਸ਼ਨਾਨ ਕਰਨ ਗਏ ਤੇ ਅਕਾਲ ਪੁਰਖ ਜੀ ਨਾਲ ਅਭੇਦ ਹੋ ਗਏ । ਜ਼ਾਲਮ ਵੇਖਣ ਵਾਲੇ ਹੱਥ ਮਲਦੇ ਰਹਿ ਗਏ। ਗੁਰੂ ਅਰਜਨ ਦੇਵ ਜੀ ਦੀ ਇਹ ਨਿਰੋਲ ਕੁਰਬਾਨੀ ਦੁਨੀਆਂ ਵਿਚ ਸੂਰਜ ਵਾਂਗ ਰੋਸ਼ਨ ਹੈ। ਕਾਸ਼! ਸਾਡੇ ਧਾਰਮਕ ਤੇ ਸਿਆਸੀ ਆਗੂ ਆਪਣੇ ਪ੍ਰਉਪਕਾਰੀ ਗੁਰੂਆਂ ਦੇ ਪੂਰਨਿਆਂ ਤੇ ਚਲਣ। ਇਹੋ ਸ਼ਹੀਦਾਂ ਦੀ ਸੱਚੀ ਯਾਦ ਹੈ।


ਸਦਾ ਯਾਦ ਰਖੋ !

**ਬਿਜਲੀ ਦੇ ਸਾਮਾਨ ਦੀ ਥੋਕ ਤੇ ਪ੍ਰਚੂਨ ਦੁਕਾਨ**

ਹਰ ਕਿਸਮ ਦਾ ਬਿਜਲੀ ਦਾ ਸਾਮਾਨ ਸਸਤਾ ਤੇ ਚੰਗਾ ਖ਼ਰੀਦਣ ਲਈ ਇਕ ਵਾਰ ਜ਼ਰੂਰ ਦਰਸ਼ਨ ਦਿਉ ਤੇ ਲਾਭ ਉਠਾਉ।

**ਰਵੇਲ ਇਲੈਕਟ੍ਰਿਕ ਵਰਕਸ**

ਚੌਕ ਰਾਘੋਮਾਜਰਾ, ਪਟਿਆਲਾ ।

*Authorised Stockists :*

*ESS ESS Kay Products, GNE Products, Steel grip P.V.C Tape, Hicco cables, National Conduit Pipes.*

*Specialist in :*

*House wiring & Motor Fitting.*

*Large Sale & Less Profit is our Motto.*


www.AKJ.Org

# ਬਾਬਾ ਰਾਮ ਸਿੰਘ ਤੇ ਮਾਈ ਪ੍ਰੇਮ ਕੌਰ ਜੀ ਫਲੇਵਾਲ

(ਵਲੋਂ—ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

[ਲੜੀ ਜੋੜਨ ਲਈ ਦੇਖੋ ਸੂਰਾ 5 ਮਈ 1970]

ਬਾਬਾ ਰਾਮ ਸਿੰਘ ਜੀ ਦੀ ਉਪਕਾਰ ਉਦਾਰਤਾ ਅਤੇ ਕਰਣਾ ਰਸ ਦੀ ਵਾਰਤਾ ਦਾ ਇਕ ਉਦਾਹਰਣ ਏਥੇ ਵਰਨਣ ਕਰਣ ਯੋਗ ਹੈ। ਸਿਰੀ ਬਾਬਾ ਰਾਮ ਸਿੰਘ ਦੇ ਸ਼ਰੀਕ ਭਾਈਆਂ ਵਿਚੋਂ ਇਕ ਸ਼ਰੀਕ ਪ੍ਰਵਾਰ ਮੁਢ ਤੋਂ ਹੀ ਸ੍ਰੀ ਬਾਬਾ ਜੀ ਦੇ ਨਾਲ ਅਣ-ਹੋਇਆ ਵੈਰ ਵਿਰੋਧ ਰਖਦਾ ਆਇਆ ਸੀ। ਐਸੀ ਨੇਤ ਹੋਈ ਕਿ ਨਿਕਟੀ ਪਰਵਾਰ ਦਾ ਇਕ ਮਾਇਆ ਦੇ ਖਟੂ ਨੌਜਵਾਨ ਚੀਨ, ਮਲਾਇਆ ਟਾਪੂਆਂ ਵਲੋਂ ਮਾਇਆ ਦੇ ਬੋਹਲ ਖਟ ਕੇ ਕਈਆਂ ਬਰਸਾਂ ਪਿਛੋਂ ਵਾਪਸ ਪਿੰਡ ਫਲੇਵਾਲ ਆਇਆ ਤੇ ਬੜੀ ਭਿਆ-ਨਕ ਬੀਮਾਰੀ ਨਾਲ ਬੀਮਾਰ ਹੋ ਕੇ ਆਇਆ। ਉਸ ਦਾ ਸਾਰਾ ਸਰੀਰ ਬੜਾ ਰਿਸ਼ਟ ਪੁਸ਼ਟ ਸੀ, ਛੇ ਫੁਟ ਲੰਮਾ ਜਵਾਨ, ਡੇਢ ਫੁਟ ਚੌੜੀ ਛਾਤੀ ਉਸ ਨੂੰ ਅਨਾ-ਚਿਤ ਐਸੀ ਬੀਮਾਰੀ ਲਗੀ ਕਿ ਉਸ ਦਾ ਸਰੀਰ ਤਖਤੇ ਵਾਂਗੂੰ ਹੋ ਗਿਆ, ਨਾ ਹਿਲ ਸਕੇ, ਨਾ ਸਿਧਾ ਬੈਠ ਸਕੇ, ਨਾ ਤੁਰ ਫਿਰ ਸਕੇ, ਨਾ ਉਸ ਦੇ ਅੰਗ ਮੁੜ ਸਕਣ, ਸਿਧਾ ਸਤੌਰ ਪਿਆ ਰਹੇ ਤਾਂ ਪਿਆ ਰਹੇ, ਜੇ ਖੜਾ ਹੈ ਤਾਂ ਖੜਾ ਰਹੇ। ਬੜਾ ਭਾਰੀ ਜਵਾਨ ਸੀ, ਇਸ ਨੂੰ ਤਿੰਨ ਤਿੰਨ ਚਾਰ ਚਾਰ ਆਦਮੀ ਸਾਂਭ ਸਕਦੇ ਸੀ। ਚੀਨ ਮਲਾਇਆ ਦੇ ਨੇੜੇ ਤੇੜ ਡਾਕਟਰਾਂ ਹਕੀਮਾਂ ਪਾਸੋਂ ਇਲਾਜ ਕਰਾਏ, ਪਰ ਉਸ ਦੀ ਇਹ ਬੀਮਾਰੀ ਨਾ ਹਟੀ। ਬੜਾ ਪਰਮ ਦੁਖੀ ਹੋ ਕੇ, ਡਾਕਟਰਾਂ ਹਕੀਮਾਂ ਦੇ ਇਲਾਜਾਂ ਤੋਂ ਨਿਰਾਸ ਹੋ ਕੇ ਟਾਪੂਆਂ ਤੋਂ ਮੁੜ ਕੇ ਘਰ (ਫਲੇਵਾਲ) ਆ ਗਿਆ। ਆਉਂਦੇ ਨੇ ਹੀ ਬਾਬਾ ਰਾਮ ਸਿੰਘ ਨੂੰ ਯਾਦ ਕੀਤਾ ਕਿ ਮੈਨੂੰ ਦਰਸ਼ਨ ਦੇ ਜਾਣ, ਖੁਦ ਚਲ ਕੇ ਨਹੀਂ ਆ ਸਕਦਾ ਸੀ। ਜਦ ਉਸਦੀ ਭਿਅੰਕਰੀ ਬੀਮਾਰੀ ਦਾ ਹਾਲ ਬਾਬਾ ਜੀ ਨੇ ਸੁਣਿਆ ਤਾਂ ਕਰਣਾ ਰਸ ਨਾਲ ਢਲ ਕੇ ਐਸੇ ਨਰਮ ਹੋਏ ਕਿ ਸਭ ਘਰੋਗੀ ਖਾਨਦਾਨੀ ਵੈਰ ਵਿਰੋਧ ਭੁਲ ਗਏ। ਐਸਾ ਮੌਕਾ ਹੋਇਆ ਕਿ ਓਦੋਂ ਸਾਰੀ ਸੰਗਤ ਕੀਰਤਨੀ ਬੈਰਾਗੀ ਜਥਾ ਸਿਰੀ ਬਾਬਾ ਜੀ ਦੇ ਘਰ ਆ ਜੁੜਿਆ ਹੋਇਆ ਸੀ, ਜਥੇ ਤੋਂ ਆਗਿਆ ਲੈ ਕੇ ਚਲੇ ਗਏ। ਬਾਬਾ ਰਾਮ ਸਿੰਘ ਜੀ ਦੇ ਪਾਸ ਪਰਮ ਰੋਗੀ ਵੀਰ ਰੋ ਰੋ ਕੇ ਬੇਨਤੀ ਕਰਨ ਲਗਾ, ਉਹਨੇ ਸਾਰੀ ਬੀਮਾਰੀ ਦੀ ਪਿਛਲੀ ਹਾਲਤ ਦਸੀ ਅਤੇ ਆਖਿਆ—'ਮੈਨੂੰ ਸਾਰੇ ਡਾਕਟਰ ਹਕੀਮ ਜਵਾਬ ਦੇ ਚੁਕੇ ਹਨ ਅਤੇ ਕਹਿ ਚੁਕੇ ਹਨ ਕਿ ਇਹ ਲਾ-ਇਲਾਜ ਬੀਮਾਰੀ ਹੈ ਸੋ ਮੈਂ ਹੁਣ ਮਰ ਤਾਂ ਜਾਣਾ ਹੀ ਹੈ ਐਸਾ ਉਪਕਾਰ ਕਰੋ ਕਿ ਮੇਰੇ ਨਮਿਤ ਇਕ ਅਖੰਡ ਪਾਠ ਸਿਰੀ ਗੁਰੂ ਗਰੰਥ ਸਾਹਿਬ ਦਾ ਕਰਨਾ ਆਰੰਭ ਕਰਾ ਦਿਓ। ਮੇਰੇ ਭਾਗਾਂ ਨੂੰ ਸਾਰਾ ਜਥਾ ਤੁਸਾਡੇ ਘਰ ਆਇਆ ਹੋਇਆ ਹੈ; ਰੋਗ ਬਿਦਾਰਨੀ ਸਚ ਵੈਦਾਂ ਸਦਾ ਸੰਗ ਇਕਠਾ ਹੋਇਆ ਹੋਇਆ ਹੈ। ਸਿਰੀ ਅਖੰਡ ਪਾਠ ਦੀ ਇਹ ਦਾਰੂ ਹਰ ਸੂਰਤ ਵਿਚ ਮੇਰੇ ਰਾਸ ਆਵੇਗੀ। ਮੈਨੂੰ ਇਸ ਗਲ ਦਾ ਭਰੋਸਾ ਹੈ ਕਿ ਜੇ ਸਰੀਰ ਚਲ ਗਿਆ ਤਾਂ ਕਲਿਆਣ ਹੋ ਜਾਏਗੀ ਜੇ ਬਚ ਗਿਆ ਤਾਂ ਮੈਂ ਸਣੇ ਪਰਵਾਰ ਖੰਡੇ ਦਾ ਅੰਮ੍ਰਿਤ ਛਕਕੇ ਤਿਆਰ ਬਰਤਿਆਰ ਹੋ ਜਾਵਾਂਗਾ ਅਤੇ ਆਪਣਾ ਜਨਮ ਸਫਲਾ ਕਰਾਂਗਾਂ।' ਸਿਰੀ ਬਾਬਾ ਜੀ ਉਸ ਤੋਂ ਇਹ



www.AKJ.Org

ਗਲ ਸੁਣ ਕੇ ਸਜਲ ਨੇਤਰੀਂ ਹੁੰਦੇ ਹੋਏ ਸੰਗਤ ਪਾਸ ਆਏ ਤੇ ਬਿਰਹੋਂ ਬੇਧਵੀਂ ਬੇਨਤੀ ਕੀਤੀ ਕਿ ਉਸ ਦਾ ਭਲਾ ਕਰੋ। ਸੰਗਤ ਸਭਨੀਂ ਗਲੀਂ ਸਮਰੱਥ ਹੈ। ਭਲਾ–ਬਾਬਾ ਜੀ ਦੇ ਬਚਨਾਂ ਨੂੰ ਕੌਣ ਮੋੜੇ। ਅਖੰਡ ਪਾਠ ਦੇ ਤਿਆਰੇ ਬਜਾਉਣ ਲਈ ਦੂਸਰੇ ਦਿਨ ਹੀ ਸਭ ਸਰੰਜਾਮ ਹੋ ਗਿਆ। ਸਾਰੇ ਪਰਵਾਰ ਨੇ ਹਾਵ ਭਾਵ ਨਾਲ ਅਖੰਡ ਪਾਠ ਮੰਡਪ ਸਜਾਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਕੀਤਾ, ਉਸ ਅਸਾਧ ਰੋਗ ਦੇ ਰੋਗੀ ਸਜਣ ਨੂੰ ਚੌਂਹ ਜਣਿਆਂ ਨੇ ਫੜ ਕੇ ਪੇਸ਼ ਹੋਣ ਲਈ ਖੜਾ ਕੀਤਾ। ਬਾਬਾ ਰਾਮ ਸਿੰਘ ਜੀ ਖੜੇ ਚੌਰ ਕਰ ਰਹੇ ਸਨ। ਅਭਿਆਸ ਖਿੜਾਓ ਵਿਚ ਚੌਰ ਕਰਦੇ ਕਰਦੇ ਉਸ ਨੂੰ ਮੁਖਾਤਬ ਹੋ ਕੇ ਬੋਲੇ 'ਤੈਥੋਂ ਇਕ ਭਾਰੀ ਅਵੱਗਿਆ ਹੋਈ ਹੈ ਪਰ ਤੈਨੂੰ ਹੁਣ ਚਿਤ ਚੇਤੇ ਵੀ ਨਹੀਂ। ਤੂੰ ਦਸ? ਕਿ ਜਦੋਂ ਮਾਇਆ ਖੱਟਣ ਲਈ ਦੇਸੀਂ ਪਰਦੇਸੀਂ ਇਥੋਂ ਅਰਦਾਸਾ ਸੋਧਕੇ ਤੁਰਿਆ ਸੀ; ਓਦਣ ਕੋਈ ਪ੍ਰਣ ਪ੍ਰਤੱਗਿਆ ਵੀ ਕੀਤੀ ਸੀ?' ਬਾਬਾ ਜੀ ਦੇ ਇਹ ਬਚਨ ਸੁਣ ਕੇ ਉਹ ਬੋਲ ਉਠਿਆ, 'ਹਾਂ ਜੀ! ਮੈਂ ਪ੍ਰਤਗਿਆ ਜ਼ਰੂਰ ਕੀਤੀ ਸੀ ਅਤੇ ਇਹ ਕੀਤੀ ਸੀ ਕਿ ਮੈਂ ਆਪਣੀ ਖੱਟੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦਿਆ ਕਰਾਂਗਾ; ਪਰ ਮੈਥੋਂ ਪਾਪੀ ਤੋਂ ਅਜ ਤਾਈਂ ਦੇਣ ਨਹੀਂ ਹੋਇਆ। ਦਸਾਂ ਬਾਰਾਂ ਵਰ੍ਹਿਆਂ ਵਿਚ ਹਜ਼ਾਰਾਂ ਰੁਪੈ ਮੈਂ ਕਮਾਏ। ਦਸਵੰਧ ਮੇਰੇ ਸਿਰ ਚੜ੍ਹਦਾ ਗਿਆ, ਮਾਇਆਵੀ ਐਸ਼ ਪ੍ਰਸਤੀ ਵਿਚ ਮੈਨੂੰ ਦਸਵੰਧ ਦੇਣ ਦਾ ਖ਼ਿਆਲ ਉਕਾ ਹੀ ਵਿਸਰ ਗਿਆ। ਇਹ ਬੜੀ ਭਾਰੀ ਅਵਗਿਆ ਹੋ ਗਈ ਹੈ। ਇਸੇ ਅਵਗਿਆ ਦੇ ਕਾਰਨ ਇਹ ਅਸਾਧ ਰੋਗ ਮੈਨੂੰ ਲਗਿਆ।' ਸੁਣ ਕੇ ਸੰਗਤ ਨੇ ਹੁਕਮ ਦਿਤਾ ਕਿ ਪਹਿਲਾਂ ਸਾਰਾ ਦਸਵੰਧ ਕੌਡੀ ਕੌਡੀ ਗਿਣ ਕੇ (ਜੋ ਦਮੜੇ ਬਣਦੇ ਸਨ) ਸ੍ਰੀ ਹਜ਼ੂਰ ਸਾਹਿਬ ਨੂੰ ਭੇਜ ਦਿਓ। ਫੇਰ ਤੇਰੇ ਨਮਿਤ ਸ੍ਰੀ ਅਖੰਡ ਪਾਠ ਆਰੰਭ ਕੀਤਾ ਜਾਵੇਗਾ। ਉਸਨੇ ਉਸੇ ਵਕਤ ਹੀ ਦਸਵੰਧ ਦੇ ਰੁਪਏ ਕਢ ਕੇ, ਆਪਣੇ ਇਕ ਸਕੇ ਭਾਈ ਦੇ ਹਥ ਸ੍ਰੀ ਹਜ਼ੂਰ ਸਾਹਿਬ ਭੇਜ ਦਿਤੇ, ਫਿਰ ਉਸ ਦੇ ਨਮਿਤ ਸ੍ਰੀ ਅਖੰਡ ਪਾਠ ਦਾ ਉਦਮ ਉਪਕਾਰ ਆਰੰਭ ਹੋਇਆ। ਸ੍ਰੀ ਬਾਬਾ ਜੀ ਨੇ ਹੁਕਮ ਦਿਤਾ ਕਿ ਸਾਰਾ ਅਖੰਡ ਪਾਠ ਅਤੇ ਅਖੰਡ ਕੀਰਤਨ ਆਰੰਭ ਤੋਂ ਅੰਤ ਤਾਈਂ ਸੁਣਨਾ ਹੋਵੇਗਾ। ਉਸ ਨੇ ਸਾਰੀਆਂ ਗਲਾਂ ਕਬੂਲ ਕੀਤੀਆਂ। ਨਾਲੇ ਇਹ ਬੇਨਤੀ ਵੀ ਕੀਤੀ ਕਿ ਮੈਥੋਂ ਬੈਠ ਤੇ ਹੋਣਾ ਨਹੀਂ ਲੰਮਾ ਪੈਕੇ ਸੁਣ ਸਕਾਂਗਾ। ਭੂਮ ਆਸਨ ਕਰਨ ਦੀ ਆਗਿਆ ਦੇ ਦਿਤੀ ਜਾਵੇ। ਸੰਗਤ ਨੇ ਖ਼ੁਸ਼ੀ ਨਾਲ ਆਗਿਆ ਦੇ ਦਿਤੀ। ਬਾਬਾ ਰਾਮ ਸਿੰਘ ਜੀ ਕਹਿਣ ਲਗੇ, ਤਕੜੇ ਹੋਵੋ? ਦੇਖ ਕੀ ਭਾਣਾ ਵਰਤਦਾ ਹੈ! ਅੰਮ੍ਰਿਤ ਵੇਲੇ ਹੀ ਚਾਰ ਵਜੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ। ਗਿਆਰਾਂ ਵਜੇ ਅਖੰਡ ਕੀਰਤਨ ਦਾ ਭੋਗ ਪਿਆ। ਕੀਰਤਨ ਦੇ ਭੋਗ ਤੇ ਅਖੰਡ ਪਾਠ ਆਰੰਭ ਕਰਨ ਲਈ ਅਰਦਾਸਾ ਹੋਣ ਲਗਾ, ਤਾਂ ਉਸ ਨੂੰ ਚੌਂਹ ਜਣਿਆਂ ਨੇ ਫੜ ਕੇ ਅਰਦਾਸੇ ਵਿਚ ਖੜਾ ਕੀਤਾ, ਤਖ਼ਤੇ ਵਾਂਗੂ ਆਕੜਿਆ ਹੋਇਆ ਤੇ ਫੜਿਆ ਹੋਇਆ ਖੜਾ ਹੋ ਗਿਆ। ਅਰਦਾਸੇ ਵਿਚ ਐਸੀ ਕਲਾ ਵਰਤੀ ਕਿ ਅਰਦਾਸੇ ਦੀ ਸਮਾਪਤੀ ਤੇ ਉਹ ਸਿੱਧਾ ਸਤੋਰ ਡੰਡੌਤ ਬੰਧਨਾ ਵਿਚ ਮੂਧੇ ਮੂੰਹ ਛਪਾਲ ਲੰਮਾ ਪੈ ਗਿਆ, ਪਰ ਆਪ ਹੀ ਉਠ ਕੇ ਬੈਠ ਗਿਆ, ਹੁਕਮ ਲਿਆ ਤੇ ਅਖੰਡ ਪਾਠ ਆਰੰਭ ਹੋ ਗਿਆ। ਸ੍ਰੀ ਜਪੁਜੀ ਦੇ ਪਾਠ ਦੇ ਭੋਗ ਤੇ ਦੇਗ ਵਰਤਾਈ ਗਈ। ਦੇਗ ਕੜਾਹ ਪ੍ਰਸ਼ਾਦ ਦੀ ਬਾਬਾ ਰਾਮ ਸਿੰਘ ਜੀ ਨੇ ਆਪਣੀ ਹੱਥੀਂ ਸਜਾਈ ਸੀ ਅਤੇ ਵਰਤਾਈ ਵੀ ਉਨ੍ਹਾਂ ਨੇ। ਪੰਜਾਂ ਪਿਆਰਿਆਂ ਨੂੰ ਛਾਂਦਾ ਦੇ ਕੇ ਪਹਿਲਾਂ ਉਸ ਦੇ ਹਥਾਂ ਤੇ ਕੜਾਹ ਪ੍ਰਸ਼ਾਦ ਦਾ ਗੱਫਾ ਧਰ ਕੇ ਬਾਬਾ ਜੀ ਨੇ ਆਖਿਆ ਕਿ ਇਹ ਪੰਚਾ ਅੰਮ੍ਰਿਤ ਹੈ ਔਖਧੀਆਂ ਸਿਰ ਸੱਚੀ ਔਖਧੀ ਹੈ, ਇਸ ਨੂੰ ਛਕੋ। ਛਕਣ ਦੀ ਦੇਰ ਹੀ ਸੀ ਕਿ ਉਸ ਦੇ ਸਰੀਰ ਵਿਚ ਸਾਵਧਾਨਤਾ ਹੋ ਗਈ ਅਤੇ ਕਹਿਣ ਲਗਾ ਕਿ ਮੈਨੂੰ ਹੁਣ ਪਕੜੋ ਨਹੀਂ। ਮੈਂ ਆਪ ਬੈਠ ਸਕਦਾ ਹਾਂ ਸਤਿਗੁਰੂ ਜੀ ਦੀ ਐਸੀ ਅਪਾਰ ਕਿਰਪਾ ਹੋਈ ਕਿ ਅਖੰਡ ਪਾਠ ਦੇ ਭੋਗ ਉਪਰ ਬਿਲਕੁਲ ਨਵਾਂ ਨਰੋਆ ਹੋ ਗਿਆ ਅਤੇ ਤੁਰਨ ਫਿਰਨ ਲਗ ਪਿਆ। ਲੋਕੀ


www.AKJ.Org

ਦੇਖ ਕੇ ਦੰਗ ਰਹਿ ਗਏ । ਡਾਕਟਰ ਹਕੀਮ ਵੀ ਸੁਣਕੇ ਦੰਗ ਹੋ ਗਏ । ਗਲ ਕੀ ਸਾਰੇ ਪਰਵਾਰ ਨੇ ਮਿਲ ਕੇ ਅੰਮ੍ਰਿਤ ਛਕਿਆ:—

ਦੀਨ ਦਇਆਲ ਭਰੋਸੇ ਤੇਰੇ ।
ਸਭ ਪਰਵਾਰ ਚੜਾਇਆ ਬੇੜੇ ।

ਇਸ ਸ਼ਬਦ ਦਾ ਕੀਰਤਨ ਉਹਨਾਂ ਸਾਰਿਆਂ ਨੇ ਮਿਲ ਕੇ ਕੀਤਾ । ਇਸ ਖੁਸ਼ੀ ਵਿਚ ਉਸ ਨੇ ਲੰਗਰ ਚਲਾਏ ਅਤੇ ਰਾਜ਼ੀ ਬਾਜ਼ੀ ਹੋ ਮੁੜ ਟਾਪੂਆਂ ਨੂੰ ਚਲਾ ਗਿਆ ਤੇ ਬਾਬਾ ਰਾਮ ਸਿੰਘ ਜੀ ਦੀ ਖਾਸ ਕਰ ਸਾਰੇ ਜਥੇ ਦੀ ਆਮ ਤੌਰ ਤੇ ਧੰਨ ਧੰਨ ਹੋਣ ਲਗ ਪਈ । ਬਾਬਾ ਜੀ ਨੇ ਸਲਾਹ ਦਿਤੀ ਕਿ ਚਲੋ ਅਸੀਂ ਏਥੋਂ ਹੁਣ ਚਲੀਏ । ਇਹ ਧੰਨ ਧੰਨ ਕੰਨੀਂ ਨਹੀਂ ਸੁਣਨੀ । ਏਹ ਇਕ ਵੰਨਗੀ ਹੈ, ਉਹਨਾਂ ਦੇ ਉਦਾਰ ਚਿਤ ਦੀ ਤੇ ਉਸਤਤ ਨਿੰਦਾ ਤੋਂ ਅਲੇਪ ਰਹਿਣ ਦੇ ਜੀਵਨ ਦੀ ।

ਇਸ ਜੋੜੀ ਦੇ ਪਿਛਲੇ ਸਮੇਂ ਦੀ ਵਾਰਤਾ (ਜਦੋਂ ਕਿ ਅਸੀਂ ਜੇਲ੍ਹ ਅੰਦਰ ਸਾਂ) ਅਨੇਕ ਪ੍ਰਕਾਰੀ ਸਾਡੀ ਸੁਪਤਨੀ ਕਰਤਾਰ ਕੌਰ ਆਪਣੀ ਜ਼ਬਾਨੀ ਵਰਨਣ ਕਰ ਕੇ ਜਦੋਂ ਦਸਦੀ ਸੀ, ਤਾਂ ਅਸੀਂ ਵਜਦ ਵਿਚ ਆ ਜਾਂਦੇ ਸਾਂ । ਉਹ ਬ੍ਰਿਹੋਂ ਕਹਾਣੀਆਂ ਵੀ ਜੇ ਅੰਕਤਿ ਕੀਤੀਆਂ ਜਾਣ ਤਾਂ ਬੜਾ ਵਿਸਥਾਰ ਹੋ ਜਾਂਦਾ ਹੈ । ਇਸ ਲਈ ਏਥੇ ਬਸ ਕੀਤਾ ਜਾਂਦਾ ਹੈ:–

## ਜੋੜੀ ਪਰਮ ਅਨੂਪ ਗੁਰ ਸੇਵਕਾਂ ਦੀ

ਸੇਵਾ ਪ੍ਰੇਮ ਮੂਰਤ ਮਾਈ ਪ੍ਰੇਮ ਕੌਰਾਂ,
ਬਾਬਾ ਰਾਮ ਸਿੰਘ ਰੂਪ ਸਿਵਕੋਲਿਆਂ ਦਾ ।
ਜੋੜੀ ਪਰਮ ਅਨੂਪ ਗੁਰ ਸੇਵਕਾਂ ਦੀ,
ਨਕਸ਼ਾ ਪੁਰਾਤਨੀ ਸੇਵ ਪ੍ਰੇਮੋਲਿਆ ਦਾ ।
ਨਾਮ ਜਪਣਾ ਕ੍ਰਿਤ ਕਰ ਵੰਡ ਛਕਣਾ,
ਨਿਭਿਆ ਨੇਮ ਦੰਪਤ ਬਜ਼ੁਰਗੋਲਿਆਂ ਦਾ ।
ਘਰੋਂ ਗਰੀਬ ਗੁਜ਼ਰਾਨ ਸੰਤੋਖੀਆਂ ਦੀ,
ਸਬਰ ਸ਼ੁਕਰ ਨਿਰਇੱਛ ਫਕਰੋਲਿਆਂ ਦਾ ।
ਰਾਜ਼ਕ ਰਿਜ਼ਕ ਰੱਜੇ ਰਾਜੇ ਬੇ-ਮੁਥਾਜੇ,
ਘਰ ਹਰਿਨਾਮ ਧਨ ਗੁਰ ਨਿਧਾਨੋਲਿਆਂ ਦਾ ।
ਸੱਚੀ ਪਾਦਸ਼ਾਹੀ ਬੇ-ਪ੍ਰਵਾਹੀਆਂ ਦੀ,
ਸੱਚਾ ਸੁਖ ਬੇ-ਫਿਕਰ ਸ਼ਾਹੋਲਿਆਂ ਦਾ ।
ਸੱਚੀ–ਪੂੰਜੜੀ ਨਾਮ ਨਿਧਾਨ ਕੇਰੀ,
ਖਤਰਾ ਖੌਫ ਨਾ ਡਰ ਤਸਕਰੋਲਿਆਂ ਦਾ ।
ਸਚੇ ਹੋ ਧਨਵੰਤ ਸਚ ਪੂੰਜੀਆਂ ਦੇ,
ਨਾਮ ਸਧੜਾ ਧਨ ਨਿਰਧਨੋਲਿਆਂ ਦਾ ।
ਨਿਰਧਨ ਨਾਂਹ ਜਿਨ ਸੰਚਿਆ ਨਾਮ ਸਚਾ,
ਹਰਿ ਜਨ ਸ਼ਾਹ ਸਚਾ ਸਰਧਨੋਲਿਆਂ ਦਾ ।
ਥੱਕੀ ਗਲ ਨਿਰਧਨਾਂ ਸਰਧਨਾਂ ਵਾਲੀ,
ਨਿਆਰਾ ਅੰਗ ਧਨੀ ਹਰਿ ਜਨੋਲਿਆਂ ਦਾ ।
ਸਗਲ ਸ੍ਰਿਸ਼ਟ ਦੇ ਧਨਾਂ ਦੇ ਧਨੀ ਸਚੇ,
ਹੀਰਾ ਹਥ ਜਿਨ ਨਾਸ ਨਿਰਮੋਲਿਆਂ ਦਾ ।
ਘਾਲ ਗਾਖੜੀ ਨਾਮ ਕਮਾਈਆਂ ਦੀ,
ਮੇਵਾ ਨਾਮ ਸੇਵਾ ਘਾਲੜੋਲਿਆਂ ਦਾ ।
ਕਰੜੀ ਸੇਵ ਕੀਨੀ ਗੁਰੂ ਸੰਗਤਾਂ ਦੀ,
ਤਰਿਆ ਬਿਰਧ ਜੋੜਾ ਦੰਪਤੋਲਿਆਂ ਦਾ ।
ਮਾਈ ਪ੍ਰੇਮ ਕੌਰ ਨਿਮਰਤਾ ਪ੍ਰੇਮ ਖੀਵੀ,
ਸੀਤਲ ਹਿਰਦ ਦੁਹ ਸਾਂਤ ਬਿਰਧੋਲਿਆਂ ਦਾ ।
ਲਾਲ ਗੁਰੂ ਕੇ ਰੰਗਲੇ ਫੁਲ ਬਾਂਕੇ,
ਕਰਨਾ ਜ਼ਿਕਰ ਮੁਹਾਲ ਫੁਲੜੋਲਿਆਂ ਦਾ ।

(ਚਲਦਾ)

——



www.AKJ.Org

# ਸਾਰੇ ਭਾਰਤ ਵਿਚ ਅਖੰਡ ਕੀਰਤਨ ਦੀਆਂ ਅਤੁੱਟ ਝੜੀਆਂ

ਗੁਰੂ ਪਿਆਰੀਆਂ ਸਰਬੱਤ ਸੰਗਤਾਂ ਇਹ ਸੁਣ ਕੇ ਬਹੁਤ ਖੁਸ਼ ਹੋਣਗੀਆਂ ਕਿ ਅਗੇ ਵਾਂਗ ਇਸ ਸਾਲ ਵੀ **ਅਖੰਡ ਕੀਰਤਨੀ ਜੱਥਾ ਪਟਿਆਲਾ ਵਲੋਂ ਇਕ ਮਹੀਨੇ ਦਾ ਵਾਰਸ਼ਕ ਯਾਤਰਾ ਪਰੋਗਰਾਮ** ਸਾਰੇ ਹਿੰਦੁਸਤਾਨ ਦੇ ਸ਼ਹਿਰਾਂ ਦਾ ਬਣ ਚੁਕਿਆ ਹੈ ਜੋ ਦਿਲੀ ਦੁਸਹਿਰੇ ਦੇ ਸਮਾਗਮ ਤੇ ਅਖੰਡ ਕੀਰਤਨੀ ਜੱਥਾ ਪਟਿਆਲਾ ਦਿਲੀ ਸ਼ਹਿਰ ਕੀਰਤਨ ਦੀ ਸੇਵਾ ਕਰਕੇ ਬਾਕੀ ਹਿੰਦੁਸਤਾਨ ਦੇ ਸ਼ਹਿਰਾਂ ਲਈ ਕੀਰਤਨ ਦੀ ਸੇਵਾ ਲਈ ਇਕ ਸਪੈਸ਼ਲ ਬਸ ਰਾਹੀਂ ਤੁਰ ਪਵੇਗਾ। ਇਸ ਟੂਰ ਦਾ ਵੇਰਵੇ ਸਹਿਤ ਰਸਤਾ ਇਸ ਪ੍ਰਕਾਰ ਹੋਵੇਗਾ ਤਾਂ ਜੋ ਹੇਠ ਲਿਖੇ ਸ਼ਹਿਰ ਆਪਣਾ ਆਪਣਾ ਸਮਾਗਮ (ਸਾਲਾਨਾ) ਵੀ ਇਹਨਾਂ ਤਾਰੀਖ਼ਾਂ ਵਿਚ ਹੀ ਨਿਭਾ ਲੈਣ।

ਪਟਿਆਲਾ, ਦਿੱਲੀ, ਕੋਟਾ ੨ ਦਿਨ, ਬੜੋਦਾ, ਬੰਬਈ ੫ ਦਿਨ, ਪੂਨਾ ੨ ਦਿਨ, ਸ੍ਰੀ ਹਜ਼ੂਰ ਸਾਹਿਬ, ਭੁਪਾਲ ੨ ਦਿਨ, ਜਬਲਪੁਰ, ਗਵਾਲੀਅਰ, ਆਗਰਾ, ਮਥਰਾ, ਮੇਰਠ, ਹਰਦੁਵਾਰ, ਰੁੜਕੀ, ਜਮਨਾ ਨਗਰ (ਜਗਾਧਰੀ) ਵਾਪਸੀ ਪਟਿਆਲਾ।

ਵੇਰਵੇ ਸਹਿਤ ਪਰੋਗਰਾਮ ਬਹੁਤ ਛੇਤੀ ਦਿਤਾ ਜਾਵੇਗਾ। ਸੰਗਤਾਂ ਉਡੀਕ ਕਰਨ।

ਦਾਸਰੇ–

ਅਖੰਡ ਕੀਰਤਨੀ ਜੱਥਾ, ਪਟਿਆਲਾ।

www.AKJ.Org